ਮਾਸਕ ੧ੳ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰੂ ਨਾਨਕ ਆਮਦ ਨਾਰਾਇਨ ਸਰੂਪ

NOV 1991

ਨਵੰਬਰ ੧੯੯੧

## ਸਿਧ ਬੋਲਨਿ ਸੁਭ ਬਚਨ
## ਧੰਨੁ ਨਾਨਕ
## ਤੇਰੀ ਵਡੀ ਕਮਾਈ

ਅਖੰਡ ਕੀਰਤਨੀ ਜਥਿਆਂ ਵਲੋਂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਦਿਵਸ
ਜਲੰਧਰ ਵਿਖੇ 19 ਤੋਂ 22 ਨਵੰਬਰ ਤਕ

www.AKJ.Org

# ਤਤਕਰਾ


| | | |
|---|---|---|
| ਮੰਘਿਰਿ ਮਾਹਿ ਸੋਹੰਦੀਆ | ੩ | ਬਾਰਹਮਾਹਾ ਮਾਝ ਮਹਲਾ ੫ |
| ,, ,, ਅਰਥ ਵਿਆਖਿਆ | ੪ | — |
| ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਨਾਨਕ ਸਾਹਿਬ ਦਾ ਉਪਾਸ਼ਯ ਤੇ ਆਨ-ਮਤ | ੮ | ,, ,, ,, |
| ਅਨੋਖਾ ਪ੍ਰਚਾਰਕ—ਸ੍ਰੀ ਗੁਰੂ ਨਾਨਕ ਦੇਵ ਜੀ | ੧੦ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਰੂਰਾ |
| ਗੁਰੂ ਨਾਨਕ ਦਾ ਪ੍ਰਚਾਰ ਤੇ ਅਸੀਂ | ੧੫ | ,, ,, ,, |
| ਗੁਰੂ ਨਾਨਕ ਦੇਵ ਜੀ ਦਾ ਆਗਮਨ | ੧੭ | ਭਾਈ ਨਰੈਣ ਸਿੰਘ ਜੀ ਐਮ.ਏ. |
| ਨਾਨਕ ਕੈ ਘਰਿ ਕੇਵਲ ਨਾਮੁ | ੨੧ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਨਾਨਕ ਸੁਲਤਾਨਪੁਰ ਵਿਚ (ਕਵਿਤਾ) | ੨੫ | ਗਿ: ਗੋਪਾਲ ਸਿੰਘ ਜੀ ਮਿੱਤਰ |
| ਹੇ ਗੁਰੂ ਨਾਨਕ ! ( ,, ) | ੨੬ | ਸ: ਸੁਰਜੀਤ ਸਿੰਘ ਜੀ ਸਾਜਨ |
| ਮਨੁਖਤਾ ਦੇ ਰਹਿਬਰ ਗੁਰੂ ਨਾਨਕ ਦੇਵ | ੨੭ | ਗਿਆਨੀ ਜੰਗ ਸਿੰਘ ਜੀ, ਅਮਰੀਕਾ |
| ਭੂਰਿਆਂ ਵਾਲੇ ਰਾਜੇ ਕੀਤੇ (੨੦) | ੨੯ | ਕੈਪਟਨ ਸਵਰਨ ਸਿੰਘ ਜੀ |
| ਗੁਰਬਾਣੀ ਪਾਠ ਅਤੇ ਅਰਦਾਸ | ੩੫ | ਗਿਆਨੀ ਦੀਦਾਰ ਸਿੰਘ ਜੀ |
| ਭਾਈ ਮਹੇਸ਼ਾ | ੩੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |


ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਨੰਦੇੜ ੮ ਨਵੰਬਰ   ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੧੧ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੨੧ ਨਵੰਬਰ

---

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ. ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬ ਜ਼ਿਲਾ ਸੰਗਰੂਰ—ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੭. ਫਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 4574   ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਪਰਵਾਰ ਵਲੋਂ, ਭਾਈ ਪਰਮਜੀਤ ਸਿੰਘ ਹੁਸਿਆਰਪੁਰ ਦੀ ਯਾਦ ਵਿਚ(ਸਮਾਗਮ ਦਾ ਚੜ੍ਹਾਵਾ) | ੩੫੦-੦੦ | ਭਾ:ਹਰਪਾਲਸਿੰਘ,ਲੁਧਿਆਣਾ ੧ -੮੦ ਰੁ.ਪਤ ਸਵਾ | ੫੧-੦੦ |
| | | ਭਾਈ ਹਰਦਿਤ ਸਿੰਘ ਕੈਰੋਂ | ੨੦੦-੦੦ |
| ਭਾਈ ਧਿਆਨ ਸਿੰਘ (ਜਬਲਪੁਰ ਵਾਲੇ) (ਚੜ੍ਹਾਵਾ) | ੯੭੨-੦੦ | ਭਾਈ ਜਗੀਰ ਸਿੰਘ, *Surrey* | ੧੫-੦੦ |
| ਸ: ਹਰਜੀਤ ਸਿੰਘ, ਜਬਲਪੁਰ | ੩੦੦-੦੦ | ਸ;ਬਖਸ਼ੀਸ਼ਸਿੰਘ ਬਟਾਲਾ (ਲੜਕੇ ਦੇ ਅਨੰਦ ਸਮੇਂ) | ੨੦੦-੦੦ |

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੧-੯੧ ਨੂੰ ਪ੍ਰਕਾਸ਼ਤ ਕੀਤਾ।



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

**ਅਮਾਨਤੀ ਲਾਈਫ਼ ਮੈਂਬਰ**

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੫੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੫ ਨਵੰਬਰ ੧੯੯੧ ਅੰਕ ੧੧


## ਮੰਘਿਰਿ ਮਾਹਿ ਸੋਹੰਦੀਆ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

[ਬਾਰਾਮਾਹਾ ਮਾਝ ਮਹਲਾ ੫




www.AKJ.Org

# ਮੱਘਰ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** :–ਮੰਘਿਰਿ–ਮੰਘਰ ਵਿਚ। ਮਾਹਿ–ਮਹੀਨੇ ਵਿਚ। ਸੋਹੰਦੀਆ–ਸੋਭਾ ਪਾਉਂਦੀਆਂ ਹਨ। **ਕਿਆ ਗਣੀ**–ਕੀ ਗਿਣੀ ਜਾਏ, ਕੀ ਦਸੀ ਜਾਏ ? ਸਾਹਿਬਿ–ਮਾਲਕ ਪ੍ਰਭੂ ਨੇ। ਮਉਲਿਆ–ਖਿੜਿਆ, ਹਰਾ ਭਰਾ ਹੋਇਆ। ਰਾਮ ਸਿਉ–ਪ੍ਰਭੂ ਚਰਨਾਂ ਨਾਲ ਜੁੜ ਕੇ। ਸਾਧ ਸਹੇਲੀਆਹ–ਸਤਸੰਗੀ ਸਹੇਲੀਆਂ। ਸਾਧ ਜਨਾ ਤੇ ਬਾਹਰੀ–ਸਤਸੰਗੀ ਗੁਰਸਿਖਾਂ ਤੋਂ ਬਿਨਾਂ। ਖੜੀਆਹ–ਸੁਚੇਤ, ਸਾਵਧਾਨ। ਕੰਠਿ–ਗਲ, ਹਿਰਦੇ ਵਿਚ। ਬਾਂਛੇ–ਮੰਗਦਾ ਹੈ। ਦਰਿ–ਪ੍ਰਭੂ ਦੇ ਦਰ ਤੇ। ਬਹੁੜਿ–ਮੁੜ ਕੇ।

**ਅਰਥ** :–ਜਿਹੜੀਆਂ ਜੀਵ-ਇਸਤ੍ਰੀਆਂ ਹਰੀ-ਪ੍ਰਭੂ ਦੇ ਸੰਗ ਬੈਠਦੀਆਂ ਹਨ, ਓਹੀ ਮੰਘਰ ਮਹੀਨੇ ਵਿਚ ਸੋਭਾ ਪਾਉਂਦੀਆਂ ਹਨ। ਜਿਹੜੀਆਂ ਜੀਵ-ਇਸਤ੍ਰੀਆਂ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਈਆਂ ਹਨ, ਉਨ੍ਹਾਂ ਦੀ ਸੋਭਾ ਕੀ ਦਸੀ ਜਾ ਸਕਦੀ ਹੈ ! ਸ਼ਤਸੰਗਣ ਸਹੇਲੀਆਂ ਦੀ ਸੰਗਤ ਵਿਚ ਉਨ੍ਹਾਂ ਦਾ ਤਨ ਅਤੇ ਮਨ ਪ੍ਰਭੂ-ਚਰਨਾਂ ਨਾਲ ਜੁੜ ਕੇ ਖਿੜ ਜਾਂਦਾ ਹੈ।

**ਪਰ** ਜਿਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ ਤੋਂ ਪਰੇ ਰਹਿੰਦੀਆਂ ਹਨ ਉਹ (ਛੁੱਟੜ ਇਸਤ੍ਰੀਆਂ ਵਾਂਗ) ਇਕੱਲੀਆਂ, ਭਾਵ, ਨਿਖਸਮੀਆਂ ਹੀ ਰਹਿੰਦੀਆਂ ਹਨ। ਤੇਨ੍ਹਾਂ ਦਾ (ਵਿਸ਼ੇ ਵਿਕਾਰਾਂ ਆਦਿ ਦਾ) ਦੁਖ ਕਦੇ ਗਲੋਂ ਲਹਿੰਦਾ ਹੀ ਨਹੀਂ ਅਤੇ (ਅੰਤ ਨੂੰ) ਉਹ ਜੰਮ ਦੇ ਵਸ ਪੈਂਦੀਆਂ ਹਨ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਆਪਣੇ ਪ੍ਰਭੂ-ਪਤੀ ਦੇ ਮਿਲਾਪ ਦਾ ਅਨੰਦ ਮਾਣਿਆ ਹੈ, ਉਹ ਸਦਾ ਤਿਆਰ-ਬਰ-ਤਿਆਰ ਸਾਵਧਾਨ ਨਜ਼ਰੀ ਆਉਂਦੀਆਂ ਹਨ ਅਤੇ ਹਰੀ-ਨਾਮ, ਜੋ ਰਤਨਾਂ ਜਵੇਹਰਾਂ ਅਤੇ ਲਾਲਾਂ ਤੁਲ ਅਮੋਲਕ ਹੈ, ਉਹ ਨਾਮ ਉਨ੍ਹਾਂ ਦੇ ਕੰਠ-ਹਿਰਦੇ ਵਿਚ ਸਦਾ ਪ੍ਰੋਤਾ ਰਹਿੰਦਾ ਹੈ।

**ਪੰਜਵੇਂ** ਗੁਰੂ ਨਾਨਕ ਉਨ੍ਹਾਂ ਸਤਸੰਗੀ ਜੀਵ-ਇਸਤ੍ਰੀਆਂ ਦੀ ਚਰਨ-ਧੂੜ ਦੀ ਜਾਚਨਾ ਕਰਦੇ ਹਨ, ਜੋ ਸਦਾ ਪ੍ਰਭੂ ਦੇ ਦਰ ਵਿਚ ਅਤੇ ਪ੍ਰਭੂ ਦੀ ਸ਼ਰਨ ਵਿਚ ਪਈਆਂ ਰਹਿੰਦੀਆਂ ਹਨ। ਮੰਘਰ ਮਹੀਨੇ ਵਿਚ ਪ੍ਰਭੂ-ਪਰਮਾਤਮਾ ਦਾ ਸਿਮਰਨ ਕਰਨ ਨਾਲ, ਉਹ ਮੁੜ ਜਨਮਾਂ ਦੇ ਗੇੜ ਵਿਚ ਨਹੀਂ ਪੈਂਦੀਆਂ।

**ਵਿਆਖਿਆ**–ਮੰਘਰ ਮਹੀਨੇ ਦੁਆਰਾ ਉਪਦੇਸ਼ ਦਿਤਾ ਹੈ ਕਿ ਜਿਹੜੇ ਪ੍ਰਾਣੀ ਵਾਹਿਗੁਰੂ ਨਾਲ ਜੁੜਦੇ ਹਨ, ਨਿਤ ਅੰਮ੍ਰਿਤ ਵੇਲੇ ਸਤਸੰਗਤ ਵਿਚ ਮਿਲ ਕੇ ਸਿਮਰਨ ਕਰਦੇ ਹਨ, ਓਹ ਪ੍ਰਾਣੀ ਹੀ ਪ੍ਰਭੂ-ਦਰ ਤੇ ਸੋਭਾ ਪਾਉਣਗੇ, ਆਦਰ ਪਾਉਣਗੇ। ਜਿਹੜੇ ਪ੍ਰਾਣੀ ਪ੍ਰਭੂ-ਪ੍ਰੀਤਮ ਵਾਹਿਗੁਰੂ ਨਾਲ ਆਪਣੀ ਸੁਰਤ ਜੋੜਦੇ ਹਨ ਉਨ੍ਹਾਂ ਦੀ ਵਡਿਆਈ ਬਿਆਨ ਹੀ ਨਹੀਂ ਕੀਤੀ ਜਾ ਸਕਦੀ, ਉਹ ਸਦਾ ਪ੍ਰਭੂ ਦੀ ਨੇੜਤਾ ਦਾ ਅਨੰਦ ਮਾਣਦੇ ਹਨ–

ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ (੭੬੨)

**ਅਤੇ**– ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥
ਅਨਦ ਬਿਨੋਦ ਤਿਤੈ ਘਰਿ ਸੋਹਹਿ, ਜੋ ਧਨ ਕੰਤਿ ਸੀਗਾਰੀ ਜੀਉ ॥੧॥ ..
ਮਹਿਮਾ ਤਿਸ ਕੀ ਕਹਣੁ ਨ ਜਾਇ ॥ ਜੋ ਪਿਰਿ ਮੇਲਿ ਲਈ ਅੰਗਿ ਲਾਇ ॥
ਥਿਰੁ ਸੋਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥ (੯੭-੯੮)

ਉਹ ਪ੍ਰਾਣੀ ਸਾਧ ਸੰਗਤ ਨਾਲ ਮਿਲਕੇ ਸਦਾ ਕੇਲ ਕਰੰਦੇ, ਤਨ ਮਨ ਕਰਕੇ ਹਰੇ ਭਰੇ ਹੋਇ ਰਹਿੰਦੇ ਹਨ।

ਪਰ ਇਸ ਤੋਂ ਉਲਟ ਜਿਹੜੇ ਪ੍ਰਾਣੀ ਸਤਸੰਗਤ ਤੋਂ ਵਿਛੜੇ ਰਹਿੰਦੇ ਹਨ, ਸਤਸੰਗਤ ਨਹੀਂ ਕਰਦੇ, ਉਹ ਸਦਾ ਭਟਕਦੇ ਰਹਿੰਦੇ ਹਨ ਅਤੇ ਵਿਸ਼ੇ ਵਿਕਾਰਾਂ ਤੇ ਪਦਾਰਥਾਂ ਦੇ ਭੋਗਾਂ ਦੇ ਦੁਖ ਹੀ ਸਹੇੜਦੇ ਹਨ। ਜਿਸ ਦਾ ਫਲ ਇਹ ਹੁੰਦਾ ਹੈ ਕਿ ਉਹ ਅਖ਼ੀਰ ਜਮਾਂ ਦੇ ਵਸ ਪੈਂਦੇ ਹਨ, ਜਮਾਂ ਦੀ ਮਾਰ ਸਹਿੰਦੇ ਹਨ ਅਤੇ ਦੁਖੀ ਹੁੰਦੇ ਹਨ। ਉਨ੍ਹਾਂ ਪ੍ਰਾਣੀਆਂ ਦੀ ਦਸ਼ਾ ਉਨ੍ਹਾਂ ਛੁੱਟੜ ਇਸਤ੍ਰੀਆਂ ਵਾਂਗ ਹੁੰਦੀ ਹੈ, ਜਿਹੜੀਆਂ–


[ਬਾਕੀ ਦੇਖੋ ਸਫ਼ਾ ੭ ਹੇਠ]

www.AKJ.Org

# ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਕ ਸਜਣ ਸ਼ੰਕਾ ਕਰਦੇ ਹਨ ਕਿ ਜੇ ਸਤਿਨਾਮ ਕੇਵਲ ਗੁਰੂ ਸਾਹਿਬ ਨੇ ਹੀ ਦ੍ਰਿੜ੍ਹਾਇਆ ਹੈ ਅਤੇ ਜੇ ਕੇਵਲ ਸਤਿਨਾਮ ਦੁਆਰਾ ਹੀ ਸੰਸਾਰੀ ਜੀਵਾਂ ਦੇ ਸੱਚੇ ਉਧਾਰ ਅਤੇ ਕਲਿਆਣ-ਉਪਕਾਰ ਦਾ ਸੱਚਾ ਧੁਰਵਾ ਬਝਦਾ ਹੈ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਮਨੁਖਾਂ ਦਾ ਕਲਿਆਨ-ਉਧਾਰ ਕਿਵੇਂ ਹੋਇਆ ? ਕਿਉਂਕਿ ਤੱਤ ਉਧਾਰ ਤਾਂ ਕੇਵਲ ਸਤਿਨਾਮ ਦਵਾਰਾ ਹੀ ਹੋਣਾ ਗੁਰਮਤਿ-ਸਿਧਾਂਤ ਅਨੁਸਾਰ ਸਿਧ ਕੀਤਾ ਗਿਆ ਹੈ।

ਇਸ ਦੇ ਉਤਰ ਵਿਚ ਅਸੀਂ ਰੱਜ ਵੱਜ ਕੇ ਅਤੇ ਡੰਕੇ ਦੀ ਚੋਟ ਨਾਲ ਆਖਦੇ ਹਾਂ ਅਤੇ ਇਕ ਵਾਰ ਨਹੀਂ, ਲੱਖ ਲੱਖ ਵਾਰ ਆਖਦੇ ਹਾਂ ਕਿ ਮਾਨੁਖਾਂ ਦਾ ਸੱਚਾ ਉਧਾਰ ਅਤੇ ਸੱਚਾ ਕਲਿਆਨ ਮਈ ਉਪਕਾਰ ਗੁਰਮਤਿ ਸਿਧਾਂਤ ਅਨੁਸਾਰ ਕੇਵਲ ਸਤਿਨਾਮ ਦਵਾਰਾ ਹੀ ਸੰਭਵ ਹੈ ਅਤੇ ਇਹ ਸਤਿਨਾਮ ਕੇਵਲ ਸਤਿਗੁਰ ਨਾਨਕ ਸਾਹਿਬ ਦਵਾਰਾ ਹੀ ਪ੍ਰਗਟ ਹੋਇਆ। ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਨੇ ਆਪਣੀ ਬਚਿਤ੍ਰ ਨਾਟਕ ਬਾਣੀ ਦਵਾਰਾ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਨਿਤਾਰ ਦਿਤਾ ਹੈ ਕਿ ਇਸ ਮਾਤ ਲੋਕ ਵਿਖੇ ਜਿਤਨੇ ਅਵਤਾਰ, ਅੰਬੀਆ ਅਤੇ ਪੈਗੰਬਰ ਆਏ, ਅਰਥਾਤ, ਅਕਾਲ ਪੁਰਖ ਵਲੋਂ ਜੀਵਾਂ ਦੀ ਕਲਿਆਨ ਨਮਿਤ ਪਠਾਏ ਗਏ, ਉਨ੍ਹਾਂ ਸੰਬੰਧੀ ਕਥਨ ਹੈ :—

ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ...੨੮॥
ਪੁਨਾ— ਜੋ ਪ੍ਰਭੁ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ...੨੯॥
ਪੁਨਾ— ਜਿਨਿ ਜਿਨਿ ਤਨਿਕ ਸਿਧਿ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇਂ ਭਯੋ ਦਿਵਾਨਾ ॥੧੯॥
ਪਰਮ ਤਤ ਕਿਨਹੂੰ ਨ ਪਹਿਚਾਨਾ ॥ ਆਪ ਆਪ ਭੀਤਰਿ ਉਰਝਾਨਾ...੧੭॥
ਸਭ ਤੇ ਆਪਨਾ ਨਾਮੁ ਜਪਾਯੋ ॥ ਸਤਿਨਾਮ ਕਾਹੂ ਨ ਦ੍ਰਿੜਾਯੋ ॥੨੭॥
ਬਚਿਤ੍ਰ ਨਾਟਕ, ਧਿਆਇ ੬

ਬਸ ਇਹ ਗੱਲ ਤਾਂ ਸ੍ਰੀ ਨਾਨਕ-ਦਸਮੇਸ਼ ਦੇ ਉਚਾਰੇ ਵਾਕਾਂ ਦੀ ਪੁਸ਼ਟੀ ਦਵਾਰਾ ਸਿਧ ਹੋ ਗਈ ਕਿ 'ਸਤਿਨਾਮ ਕਾਹੂ ਨ ਦ੍ਰਿੜਾਯੋ।' ਸਤਿਗੁਰ ਨਾਨਕ ਤੋਂ ਪ੍ਰਿਥਮ ਸਤਿਨਾਮ ਕਿਸੇ ਨੇ ਭੀ ਨਹੀਂ ਦ੍ਰਿੜ੍ਹਾਇਆ। ਦ੍ਰਿੜ੍ਹਾਉਂਦਾ ਕਿਥੋਂ ? ਧੁਰ ਅਕਾਲ ਪੁਰਖ ਦੀ ਦਰਗਾਹ ਤੋਂ ਇਹ ਸਤਿਨਾਮ ਸਤਿਗੁਰ ਨਾਨਕ ਬਾਝੋਂ ਕਿਸੇ ਨੂੰ ਪ੍ਰਾਪਤ ਹੀ ਨਹੀਂ ਹੋਇਆ। ਪ੍ਰਾਪਤ ਹੁੰਦਾ ਕਿਥੋਂ ? ਕਿਸੇ ਇਸ ਗੱਲ ਦੀ ਪਰਵਾਹ ਹੀ ਨਹੀਂ ਕੀਤੀ ਕਿ ਜੀਵਾਂ ਦਾ ਉਧਾਰ ਕਿਸ ਬਿਧਿ ਹੋਣਾ ਹੈ। ਉਨ੍ਹਾਂ ਨੂੰ ਤਾਂ ਆਪਣੀ ਆਪਣੀ ਪੈ ਗਈ। ਓਹ ਤਾਂ ਏਸੇ ਗੱਲ ਵਿਚ ਫੂਲ ਬੈਠੇ ਕਿ ਸਾਨੂੰ ਅਕਾਸ਼-ਬਾਣੀ ਹੋਈ ਹੈ ਕਿ ਜਾਓ ਤੁਸੀਂ ਜੀਵਾਂ ਦਾ ਉਧਾਰ ਕਰੋ, ਤੁਸੀਂ ਰਹਿਬਰ ਥਾਪੇ ਗਏ। ਬਸ, ਏਤਨੇ ਵਿਚ ਹੀ ਓਹ ਬਫਾ ਗਏ। ਇਸ ਬਫਣ-ਬਫਾਈ ਵਾਲੀ ਹਉਮੈ ਦੀ ਕਾਂਪ ਤੋਂ ਬਚੇ ਤਾਂ ਕੇਵਲ ਗੁਰ ਨਾਨਕ-ਦਸਮੇਸ਼ ਜੀ ਹੀ ਬਚੇ। ਆਹਾ ! ਕਿਸ ਕਮਾਲ ਦੀ ਨਿਮਰ ਬਿਰਤੀ ਵਿਚ ਲੀਨ ਹੋ ਕੇ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ—

ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ...੬॥ ਬਚਿਤ੍ਰ ਨਾਟਕ, ਧਿਆਇ ੬

ਅਤੇ ਅਕਾਲ ਪੁਰਖ ਵਲੋਂ ਕੀ ਹੁਕਮ ਮਿਲਦਾ ਹੈ :–

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥


www.AKJ.Org

**ਇਸ ਅਕਾਲ ਪੁਰਖੀ ਹੁਕਮ** ਦੇ ਉਤਰ ਵਿਚ ਦੇਖੋ ਸਿਰੀ ਦਸਮੇਸ਼ ਜੀ ਕਿਵੇਂ ਨਿਮਰੀਭੂਤ ਹੋ ਕੇ **ਉਚਾਰਦੇ ਹਨ :–**

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰਿ ਨਿਆਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥ ਬਚਿਤ੍ਰ ਨਾਟਕ, ਧਿਆਇ ੬

**ਸਤਿਗੁਰ** ਨਾਨਕ ਦੇਵ ਜੀ ਅਕਾਲ ਪੁਰਖ ਦੇ ਪਠਾਏ ਹੋਏ ਆਏ ਤੇ ਧੁਰ ਦਰਗਾਹੋਂ ਹੁਕਮ **ਲੈ ਕੇ ਆਏ, ਪਰ ਜਦੋਂ** ਆਏ ਅਤੇ ਜਦੋਂ ਕਦੋਂ ਭੀ ਹੋਰ ਅਨੇਕ **ਬ੍ਰਹਿਮੰਡਾਂ** ਦੇ ਉਧਾਰ ਉਪਕਾਰ ਨਮਿਤ ਆਉਂਦੇ ਰਹੇ, ਤਦ ਗੁਰੂ ਬਾਬੇ ਨੇ ਆਉਂਦੇ ਹੀ ਆਪ-ਹੁਦਰੇ ਕੁਛ ਨਹੀਂ ਕੀਤਾ। ਫੇਰ ਧੁਰ ਸਚਖੰਡ ਪਹੁੰਚ ਕੇ ਹੁਕਮ ਲਿਆ ਅਤੇ ਲੈਂਦੇ ਰਹੇ ਅਤੇ ਅਕਾਲ ਪੁਰਖ ਨੂੰ ਗੁਰੂ ਧਾਰ ਕੇ ਗੁਰ-ਦੀਖਿਆ ਪਾਈ। ਸੱਚੀ ਦੀਖਿਆ(*Initiation*) ਪ੍ਰਾਪਤ ਕੀਤੀ ਅਤੇ ਕਰਦੇ ਰਹੇ। ਹਾਂ ਜੀ, ਨਉ ਨਿਧ ਨਾਮ ਗਰੀਬੀ ਵਾਲੀ ਪਾਈ ਗੁਰਮੁਖ ਦਾਤਿ ਇਲਾਹੀ "**ਗੁਰਮੁਖਿ ਪਾਈ** ਦਾਤਿ ਇਲਾਹੀ ॥' * ਹਾਂ ਜੀ–

ਬਾਬਾ ਪੈਧਾ ਸਚਖੰਡਿ ਨਉਨਿਧਿ ਨਾਮੁ ਗਰੀਬੀ ਪਾਈ ॥
ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪

ਇਸ ਬਿਧਿ ਵਾਲੇ ਪੂਰਨੇ ਪਾਏ ਅਤੇ ਪਾਉਂਦੇ ਰਹੇ। ਸਤਿਨਾਮ ਦੀ ਸੱਚੀ ਦਾਤਿ ਪ੍ਰਾਪਤ ਕਰ ਕੇ, ਧੁਰ ਦਾਤੇ ਦੇ ਦਰਬਾਰੋਂ ਪ੍ਰਾਪਤ ਕਰ ਕੇ ਗੁਰੂ ਬਾਬੇ ਨੇ, ਸਤਿਗੁਰ ਨਾਨਕ ਸੱਚੇ ਪਾਤਸ਼ਾਹ ਨੇ ਸਤਿਨਾਮ ਦਾ ਛਾਂਦਾ ਮਾਤ ਲੋਕ ਵਿਖੇ ਆ ਕੇ ਵਰਤਾਇਆ। ਨਾ ਕੇਵਲ ਇਸ ਭਾਰਤ ਭੂਮੀ (ਹਿੰਦੁਸਤਾਨ) ਅੰਦਰ ਹੀ, ਬਲਕਿ ਸਾਰੀ ਨਵ-ਖੰਡ ਮੇਦਨੀ ਵਿਖੇ ਇਸੇ ਸਤਿਨਾਮ ਦਾ ਚਕਰ ਫਿਰਾਇਆ।

ਗੜ੍ਹ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡ ਜਿਣਾਇਆ।
ਪਾਤਾਲਾ ਆਕਾਸ ਲਖ ਜਿਤੀ ਧਰਤੀ ਜਗਤ ਸਬਾਇਆ।
ਜਿਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ ਸਭ ਚਿਤਗੁਪਤ ਸਭ ਚਰਨੀ ਲਾਇਆ।
ਇੰਦ੍ਰਾਸਣ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਣ ਨਿਵਾਇਆ ॥੩੭॥ ਭਾਈ ਗੁਰਦਾਸ ਜੀ, ਵਾਰ ੧

**ਇਹ** ਨਵਖੰਡ ਮੇਦਨੀ ਹੀ ਨਹੀਂ, ਸਗੋਂ ਲਖ ਆਕਾਸ਼ਾਂ ਪਤਾਲਾਂ ਵਾਲੀਆਂ ਧਰਤੀਆਂ ਪ੍ਰਿਥਵੀਆਂ **ਸਤਿਨਾਮ ਦਾ** ਚਕਰ ਫਿਰਾ ਕੇ ਜਿਤੀਆਂ। ਹਾਂ ਜੀ, ਗੁਰੂ ਬਾਬੇ ਅਸਾਡੀ ਧਰਤੀ ਜਿਹੀਆਂ ਲੱਖਾਂ ਕ੍ਰੋੜਾਂ ਧਰਤੀਆਂ **ਵਿਖੇ ਸਤਿਨਾਮ** ਦਾ ਚਕਰ ਫਿਰਾਇਆ ਅਤੇ ਕੋਟ ਬ੍ਰਹਿਮੰਡਾਂ ਨੂੰ ਸਤਿਨਾਮ ਦੇ ਆਸਰੇ ਤਾਰਿਆ। ਹਾਂ ਜੀ! **ਸਤਿ ਜੀ!** "ਕੋਟ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ"‡ ਜੁ ਹੋਇਆ, ਕੋਟ ਬ੍ਰਹਿਮੰਡਾਂ ਦੇ **ਵਸਨੀਕ ਅਣਗਿਣਤ** ਜੀਆ ਜੰਤ ਦਾ ਦਾਤਾ ਜੁ ਹੋਇਆਂ। ਦਾਤਾ ਭੀ 'ਜੀਅ ਦਾਨੁ ਦੇ ਭਗਤੀ ਲਾਇਨਿ'† **ਵਾਲੀ ਦਾਤ** ਦਾ ਦਾਤਾ।

**ਸਾਇੰਸ** ਦੇ ਵਿਦਵਾਨਾਂ ਨੇ ਅੱਜ ਪਤਾ ਕਢਿਆ ਹੈ ਕਿ ਅੰਬਰ ਵਿਖੇ ਦਿਸਣਹਾਰੇ ਤਾਰੇ ਤੇ ਅਸਾਡੀ **ਧਰਤੀ ਵਰਗੀਆਂ** ਧਰਤੀਆਂ ਅਤੇ ਅਸਾਡੇ ਸੂਰਜ ਵਰਗੇ ਅਨੇਕਾਂ ਸੂਰਜ ਹਨ, ਤਿਨ੍ਹਾਂ ਪ੍ਰਥਾਇ ਅੱਜ ਤੋਂ ਪੰਜ **ਸੌ ਬਰਸ** ਪਹਿਲਾਂ ਹੀ ਸਤਿਗੁਰ ਨਾਨਕ ਦੇਵ ਜੀ, ਹਾਂ ਜੀ! ਕੋਟਿ ਬ੍ਰਹਿਮੰਡਾਂ ਦੇ ਸਾਥੀ ਸਤਿਗੁਰੂ ਨਾਨਕ ਸਾਹਿਬ

* **ਭਾਈ ਗੁਰਦਾਸ** ਜੀ, ਵਾਰ ੧, ਪਉੜੀ ੪੬ ‡ਸੋਰਠਿ ਮ: ੫, (੪॥੧॥੧੨) ਪੰਨਾ ੬੧੨
† **ਸੂਹੀ ਮ:** ੫ ਪੰਨਾ ੭੪੯.


www.AKJ.Org

ਜੀ ਨੇ 'ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ'* ਦਾ ਡੰਕਾ ਬਜਾਇਆ । ਡੰਕਾ ਹੀ ਨਹੀਂ ਬਜਾਇਆ, ਆਪਣੇ ਅਨੇਕ ਗੁਰਸਿੱਖਾਂ ਨੂੰ ਗਿਆਨ-ਖੰਡ ਦੇ ਪ੍ਰਚੰਡ ਗਿਆਨ ਦਾ ਗਿਆਤਾ, ਸ਼ਾਖਸਾਤ ਗਿਆਤਾ ਬਣਾ ਕੇ "ਕੇਤੇ ਇੰਦ ਚੰਦ ਸੂਰ ਕੇਤੇ ਕੇਤ ਮੰਡਲ ਦੇਸ"* ਦਾ ਪਰਤੱਖ ਸਾਖਿਆਤ ਗਿਆਨ ਅੰਬਰੀ ਨਜ਼ਾਰਾ ਸਾਂਗੋ ਪਾਂਗ ਦਿਖਾਇਆ। ਸਾਇੰਸਦਾਨਾਂ ਦੀ ਖੋਜ ਤਾਂ ਅਜ ਅਤਿਅੰਤ ਕੱਚੀ ਅਤੇ ਕਿੰਚਤ ਮਾਤ੍ਰ ਹੀ ਹੈ, ਪਰ ਸਤਿਗੁਰੂ ਨਾਨਕ ਸਾਹਿਬ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਇਕ ਅੱਖ ਦੇ ਫਰਕਣ ਵਿਚ ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਸਾਰੇ ਦਿਖਾ ਦਿਤੇ। ਭਾਵ, ਲੱਖਾਂ ਖੰਡਾਂ ਬ੍ਰਹਿਮੰਡਾਂ ਦੀ ਸੈਰ ਅੱਖ ਦੇ ਇਕ ਫੋਰ ਵ੍ਰਿਚ ਕਰਾ ਦਿਤੀ ਅਤੇ ਪੀਰ ਦਸਤਗੀਰ ਦੀ ਤਸੱਲੀ ਕਰਨ ਲਈ ਅਤੇ ਉਸ ਨੂੰ ਸਤ ਅਕਾਸ਼ ਸਤ ਪਤਾਲ ਦੇ ਮਹਿਦੂਦ ਗਿਆਨ ਤੋਂ ਅਪਰੰਪਰ ਵਸੀਹ ਅਤੇ ਅਨੰਤ ਗਿਆਨ ਪਰਦਾਨ ਕਰਨ ਨਮਿੱਤ, ਸ਼ਰਧਾ ਯਕੀਨ ਦੀ ਪਟੜੀ ਤੇ ਚਾੜ੍ਹਨ ਲਈ ਇਹ ਚੋਜ, ਸੱਚਾ ਚਲਤ-ਚੋਜ ਵਰਤਾਇਆ ਹੈ ਕਿ :—

ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।

ਦੇ ਨਾਲ ਹੀ – ਭਰਿ ਕਚਕੋਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ। ਵਾਰ ੧, ਪਉੜੀ ੩੬

ਇਸ ਤੋਂ ਸਾਫ਼ ਪ੍ਰਤੀਤ ਹੈ ਅਤੇ ਸਪੱਸ਼ਟ ਸਿਧ ਹੈ ਕਿ ਗੁਰੂ ਬਾਬੇ ਨੇ ਇਸ ਨਵਖੰਡ ਧਰਤੀ ਨੂੰ ਤਾਰਨ ਤੋਂ ਪਹਿਲਾਂ ਸੱਚਾ ਅਮਰ ਵਰਤਾ ਕੇ ਅਨੇਕਾਂ ਖੰਡ ਬ੍ਰਹਿਮੰਡ ਸਤਿਨਾਮ ਦਾ ਚਕਰ ਫਿਰਾ ਕੇ ਤਾਰ ਛਡੇ ਸਨ, ਅਰ ਪਾਤਾਲ ਲੋਕ ਵਿਖੇ ਗੁਰੂ ਬਾਬੇ ਦੀ ਸੰਗਤ ਐਥੇ ਦੀ ਸੰਗਤ ਨਿਆਈਂ ਹੀ ਕੜਾਹ ਪ੍ਰਸ਼ਾਦ ਦੀ ਆਂਭੁਗਤਾਂ ਭੁਗਤ ਰਹੀ ਸੀ। ਕੋਟ ਬ੍ਰਹਿਮੰਡ ਦੇ ਨਾਇਕ ਦਾਤੇ ਠਾਕੁਰ ਸੁਆਮੀ ਨੂੰ ਆਪਣੀ ਰਚਨਾ ਦੇ ਜ਼ੱਰੇ ਜ਼ੱਰੇ ਮਾਤਰ ਦਾ ਸਮਾਨ ਹੀ ਖ਼ਿਆਲ ਫ਼ਿਕਰ ਹੈ। ਏਸੇ ਪ੍ਰਕਾਰ ਹੀ ਜੁਗਾਂ ਦੇ ਵਰਤਾਰਿਆਂ ਦਾ ਫ਼ਿਕਰ ਹੈ।

*ਜਪੁਜੀ ਪਉੜੀ ੩੫, ਪੰਨਾ ੭ ['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

---

[੪ ਸਫ਼ੇ ਦੀ ਬਾਕੀ]

ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣਣੀਆ ॥
ਮੈਲੇ ਵੇਸ ਤਿਨ ਕਾਮਣੀ, ਦੁਖੀ ਰੈਣਿ ਵਿਹਾਇ ਜੀਉ ॥੭॥ (੭੨)

ਅਤੇ ਉਹ ਪ੍ਰਾਣੀ ਜਦ ਜੀਵਨ-ਰੂਪੀ ਰਾਤ ਬਿਤਾ ਕੇ ਅੰਤ ਜਮ-ਜੰਦਾਰ ਦੇ ਟੇਟੇ ਚੜ੍ਹਦੇ ਤਨ ਤਾਂ ਉਸ ਵੇਲੇ ਉਨ੍ਹ ਤੋਂ ਕੁਝ ਹੋ ਨਹੀਂ ਆਉਂਦਾ—

ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮਹੀਣਿ ਮਨਮੁਖਿ ਦੁਖੁ ਪਾਵੈ ॥੨॥੩॥ (੭੩੭)

ਹੁਣ ਅਗੇ ਫਿਰ ਉਨ੍ਹਾਂ ਗੁਰਮੁਖ ਪ੍ਰਾਣੀਆਂ ਬਾਰੇ ਦਸਿਆ ਹੈ ਜਿਹੜੇ ਗੁਰੂ ਕੇ ਲਾਲ ਪ੍ਰਭੂ ਚਰਨਾਂ ਵਿਚ ਜੁੜ ਕੇ, ਉਸ ਦੇ ਮਿਲਾਪ ਦਾ ਅਨੰਦ ਮਾਣਦੇ ਹਨ, ਨਾਮ-ਸਿਮਰਨ ਲਈ ਸਦਾ ਸਾਵਧਾਨ ਰਹਿੰਦੇ ਹਨ। ਆਲਸ ਉਨ੍ਹਾਂ ਦੇ ਨੇੜੇ ਨਹੀਂ ਫਟਕਦਾ। ਉਹ ਸਦਾ ਹੀ ਅਮੋਲਕ ਨਾਮ-ਰਤਨ ਨੂੰ ਆਪਣੇ ਹਿਰਦੇ ਵਿਚ ਵਸਾਈ ਰਖਦੇ ਹਨ, ਉਹ ਨਾਮ ਦੇ ਸਿਮਰਨ ਵਿਚ ਸਦਾ ਨਿਮਗਨ ਰਹਿੰਦੇ ਹਨ । ਕਾਰ-ਵਿਹਾਰ ਕਰਦੇ ਵੀ ਉਨ੍ਹਾਂ ਦੇ ਹਿਰਦੇ ਅੰਦਰ ਨਾਮ-ਰੰਗ ਬਝੇ ਰਹਿੰਦੇ ਹਨ, ਉਨ੍ਹਾਂ ਦੀ ਸੁਰਤ ਉਸ ਤੋਂ ਵਿਛੜਦੀ ਨਹੀਂ। ਸਤਿਗੁਰੂ ਪਾਤਸ਼ਾਹ ਐਸੇ ਪ੍ਰਭੂ ਦੇ ਲੜ-ਲਗੇ ਨਾਮ-ਰਸੀਆਂ ਗੁਰਸਿਖਾਂ ਦੀ ਚਰਨ-ਧੂੜੀ ਲੋਚਦੇ ਹਨ—

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੨॥ (੭੨੬)

ਅੰਤ ਵਿਚ ਫਿਰ ਚਤਾ ਕਰਾਉਂਦੇ ਹਨ ਕਿ ਮੰਘਰ ਮਹੀਨੇ ਵਿਚ ਜਿਹੜੇ ਪ੍ਰਾਣੀ ਪ੍ਰਭੂ-ਸਿਮਰਨ ਕਰਦੇ ਹਨ, ਉਹ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦੇ, ਉਹ ਫਿਰ ਕਈ ਤਰ੍ਹਾਂ ਦੀਆਂ ਜੂਨੀਆਂ ਵਿਚ ਪੈਣੋਂ ਬਚ ਜਾਂਦੇ ਹਨ ਅਤੇ ਪ੍ਰਭੂ ਵਿਚ ਹੀ ਲੀਨ ਹੋ ਜਾਂਦੇ ਹਨ।



www.AKJ.Org

# ਗੁਰੂ ਨਾਨਕ ਸਾਹਿਬ ਦਾ ਉਪਾਸ਼ਯ ਤੇ ਆਨ-ਮਤ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਚਾਰੇ ਕੁੰਡਾ ਢੂੰਢੀਆ ਕੋ ਨੀਮ੍ਹੀ ਮੈਡਾ ॥ ਜੇ ਤੁਧੁ ਭਾਵੈ ਸਾਹਿਬਾ ਤੂੰ ਮੈ ਹਉ ਤੈਡਾ ॥੧॥
ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥ ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥੧॥ਰਹਾਉ॥
ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥ ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥
ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰਿ ॥ ਗੁਰ ਕਾ ਸਬਦੁ ਨ ਚੀਨ੍ਹਹੀ ਤਤੁ ਸਾਰੁ ਨਿਰੰਤਰਿ ॥੩॥
ਪੰਡਿਤ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥੭॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

[ਆਸਾ ਮਹਲਾ ੧, ਪੰਨਾ ੪੧੯

ਗੁਰੂ ਨਾਨਕ ਸਾਹਿਬ ਨੇ ਆਪਣੀ ਦਿਬ ਤ੍ਰਿਕਾਲ ਦ੍ਰਿਸ਼ਟੀ ਦੁਆਰਾ ਚਾਰੇ ਕੁੰਟਾਂ, ਸਾਰੇ ਭਵਨ, ਸਿਰਜਨਹਾਰ ਕਰਤਾਰ ਦੀ ਰਚੀ ਹੋਈ ਸਾਰੀ ਸ੍ਰਿਸ਼ਟੀ ਢੂੰਡ ਪੜਤਾਲ ਕਰ ਕੇ ਦੇਖ ਲਈ ਕਿ ਸੱਚੇ ਵਾਹਿਗੁਰੂ ਸਮਸਰ ਹੋਰ ਕੋਈ ਉਪਾਸ਼ਯ ਦੇਵ ਉਪਾਸ਼ਨਾ ਯੋਗ ਨਹੀਂ। ਇਕੋ ਅਕਾਲ ਪੁਰਖ ਹੈ। ਸੱਚੇ ਸਾਹਿਬਾ! ਇਕੋ ਤੂੰ ਹੈਂ ਜਿਸ ਨੂੰ ਮੈਂ ਉਪਾਸ਼ਨ ਯੋਗ ਸਮਝ ਕੇ ਅਪਣਾਇਆ। ਹੋਰ ਕਿਸੇ ਨੂੰ ਮੈਂ ਨਹੀਂ ਅਪਣਾਇਆ। ਮੈਂਡਾ ਆਪਣਾ ਉਪਾਸ਼ਯ ਮਾਸ਼ੂਕ ਇਕ ਤੂੰ ਹੀ ਹੈਂ ਅਤੇ ਮੈਂ ਤੇਰਾ ਸੱਚਾ ਉਪਾਸ਼ਕ, ਸੱਚਾ ਆਸ਼ਕ ਹਾਂ। ਹੇ ਮੇਰੇ ਸਾਹਿਬਾ ਸੱਚਿਆ! ਜੇ ਤੈਨੂੰ ਭਾਵੇ, ਤੇਰੀ ਸੱਚੀ ਰਜ਼ਾ ਹੋਵੇ ਤਾਂ ਤੇਰੀ-ਮੇਰੀ, ਮੇਰੀ-ਤੇਰੀ ਸੱਚੀ ਆਸ਼ਕੀ ਮਾਸ਼ੂਕੀ ਬਣੀ ਰਹੇ। ਤੂੰ ਮੇਰਾ ਮੈਂਡਾ ਮਾਸ਼ੂਕ ਸਦਾ ਬਣਿਆ ਰਹੇਂ ਤੇ ਮੈਂ ਤੇਰਾ ਤੈਂਡਾ ਸਦਾ ਸਦਾ ਆਸ਼ਕ ਉਪਾਸ਼ਕ ਬਣਿਆ ਰਹਾਂ। ਇਕ ਤੇਰੀ ਹੀ ਉਪਾਸ਼ਨਾ ਕਰਦਾ ਰਹਾਂ। ਇਕ ਤੇਰੇ ਹੀ ਨਾਮ ਨੂੰ ਜਪਦਾ ਰਟਦਾ ਰਹਾਂ।੧।

ਮੈਨੂੰ ਤੇਰਾ ਦਰ ਛਡ ਕੇ ਹੋਰ ਕੋਈ ਦਰੁ ਨਹੀਂ ਸੁਝਦਾ। ਤੁਧ ਜਿਹਾ ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ, ਜਿਸ ਅਗੇ ਮੈਂ ਝੁਕਾਂ ਤੇ ਝੁਕ ਕੇ ਸਲਾਮਾਂ ਨਮਸਕਾਰਾਂ ਪ੍ਰਣਾਮਾਂ ਕਰਾਂ! ਮੈਂਡਾ ਇਕੋ ਮਾਲਕ ਤੂੰ ਹੀ ਹੈਂ ਅਤੇ ਤੈਂਡਾ ਹੀ ਇਕੋ ਨਾਮੁ ਹੈ ਜੋ ਮੈਂਡੇ ਮੁਖ ਵਿਚ ਜਪਣ ਉਚਾਰਣ ਲਈ ਸਦਾ ਸਹਾਰਾ ਹੈ। ਤੇਰੇ ਇਕੋ ਨਾਮ ਦੀ ਮੈਂ ਸਦਾ ਉਪਾਸ਼ਨਾ ਕਰਦਾ ਰਹਾਂ। ਤੇਰਾ ਇਕੋ ਨਾਮ ਹੀ ਮੈਂ ਮੁਖ ਰਸਨਾ ਕਰਕੇ ਰਟਦਾ ਰਹਾਂ। ਤੈਂਡੇ ਨਾਮ ਬਿਨਾਂ ਹੋਰ ਦੂਜੀ ਉਪਾਸ਼ਨਾ ਸਭ ਨਾਸਤ ਹੈ। ਤੈਂਡੇ ਨਾਮ ਜਪਣ ਸਿਮਰਨ ਰੂਪੀ ਕਰਮ ਬਿਨਾਂ ਹੋਰ ਕਰਮ ਕਰਨਾ, ਹੋਰ ਧਰਮ ਧਾਰਨਾ ਮੇਰੇ ਲਈ ਸ਼ਰਮ ਭਰੀ ਮੂੜ੍ਹਤਾ ਹੈ। ਭਾਵ, ਗੁਰਮਤਿ ਨਾਮ-ਅਭਿਆਸੀਆਂ ਨੂੰ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਬਾਝੋਂ ਆਨ ਕਰਮ, ਆਨ-ਮਤ-ਧਰਮ ਦੇ ਕਰਮਾਂ ਨੂੰ ਕਰਦਿਆਂ ਲਜਿਆ ਆਉਂਦੀ ਹੈ। ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਦੇ ਸਾਹਮਣੇ ਬੜੇ ਹੀ ਨਿਚਲੇ ਦਰਜੇ ਦੇ ਕਰਮ ਹਨ।੧।ਰਹਾਉ।

ਕਈ ਸ਼ੁਸ਼ਕ ਬੁਧੀ ਵਾਲੇ ਲੋਕ ਸਿਧਾਂ ਦੇ ਸੇਵਕ ਉਪਾਸ਼ਕ ਬਣਦੇ ਹਨ ਅਤੇ ਸਿਧ ਪੀਰ ਬਣਿਆ ਲੋਚਦੇ ਹਨ ਤੇ ਰਿਧੀਆਂ ਸਿਧੀਆਂ ਮੰਗਦੇ ਹਨ। ਪਰ ਨਾਮ ਦੇ ਆਸ਼ਕਾਂ ਉਪਾਸ਼ਕਾਂ ਦੇ ਨਿਕਟ ਇਹ ਰਿਧੀਆਂ ਸਿਧੀਆਂ ਸਭ ਹੇਚ ਅਤੇ ਤੁਛ ਹਨ। ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅਗੇ ਇਹੀ ਜੋਦੜੀ ਕਰਦੇ ਹਨ ਕਿ ਹੇ ਵਾਹਿਗੁਰੂ! ਮੈਨੂੰ ਤੇ ਮੇਰੇ ਗੁਰਸਿੱਖਾਂ ਨੂੰ ਇਕ-ਤੇਰਾ ਨਾਮ ਨ ਵੀਸਰੇ, ਤੇਰਾ ਇਕੋ ਨਾਮ ਕਦੇ ਨਾ ਵੀਸਰੇ, ਜੋ 'ਸਚ' ਇਕੋ ਗੁਰੂ ਦੀ ਸੱਚੀ ਦੀਖਿਆ ਦੁਆਰਾ, ਗੁਰੂ ਦੀ ਸੱਚੀ ਮਤਿ ਬੁਧਿ ਦੁਆਰਾ ਪ੍ਰਾਪਤਿ



www.AKJ.Org

ਹੁੰਦਾ ਹੈ। ਭਾਵ, ਇਕੋ ਗੁਰਮਤਿ ਨਾਮੁ ਕਦੇ ਨਾ ਵੀਸਰੇ, ਪਰ ਨਾ ਵੀਸਰੇ। ਇਸ ਨਾਮ ਦੇ ਤੁਲਿ ਰਿੱਧੀਆਂ ਸਿੱਧੀਆਂ ਕੀ ਚੀਜ਼ ਹਨ ? ਕੁਛ ਭੀ ਨਹੀਂ । ਇਹ ਰਿੱਧੀਆਂ ਸਿੱਧੀਆਂ ਸਤਿਨਾਮ ਦੀਆਂ ਦਾਸੀਆਂ ਹਨ, ਨਾਮ ਜਪਣ ਵਾਲਿਆਂ ਨਾਮ-ਅਭਿਆਸੀਆਂ ਦੇ ਪਿਛੇ ਲਗੀਆਂ ਫਿਰਦੀਆਂ ਹਨ। ਪਰ ਨਾਮ-ਅਭਿਆਸੀ, ਗੁਰਮਤਿ ਨਾਮ-ਅਭਿਆਸੀ ਜਨ ਇਹਨਾਂ ਨੂੰ ਸਿਆਣਦੇ ਤਕ ਨਹੀਂ ਕਿ ਇਹ ਕਿਸ ਬਾਗ ਦੀਆਂ ਮੂਲੀਆਂ ਹਨ।੨।

ਜੋਗ-ਸਾਧਨ ਵਾਲੇ ਜੋਗੀ ਲੋਗ ਅਤੇ ਭੋਗ ਭੋਗਣ ਵਾਲੇ ਭੋਗੀ ਲੋਗ ਅਤੇ ਲੀਰਾਂ ਦੇ ਚੋਲੇ ਪਾਉਣ ਵਾਲੇ ਫ਼ਕੀਰ ਲੋਕ ਐਵੇਂ ਵਾਹੀਆਤ ਹੀ ਦੇਸਾਂ ਬਦੇਸ਼ਾਂ ਵਿਚ ਭਉਂਦੇ ਫਿਰਦੇ ਹਨ, ਪਰ ਉਨ੍ਹਾਂ ਨੂੰ ਲਭਤਾ ਕੁਛ ਨਹੀਂ ਹੁੰਦੀ। ਉਹ ਬਦਕਿਸਮਤ ਜੇ ਗਰ ਕਾ (ਗੁਰੂ ਘਰ ਦਾ) ਸ਼ਬਦ ਗੁਰ-ਮੰਤਰ ਗੁਰ-ਦੀਖਿਆ ਦੁਆਰਾ ਲੈ ਲੈਣ ਤਾਂ ਉਨ੍ਹਾਂ ਨੂੰ ਘਟ ਅੰਤਰਿ ਤਤ ਸਾਰ ਵਸਤੂ (ਪਦਾਰਥ) ਲਭ ਪਵੇ। ਪਰ ਉਨ੍ਹਾਂ ਦੀ ਕਿਸਮਤ ਵਿਚ ਗੁਰ-ਸ਼ਬਦ ਚੀਨਣਾ ਲਿਖਿਆ ਹੋਇਆ ਹੀ ਨਹੀਂ। ਉਹ ਗੁਰ-ਸ਼ਬਦ ਚੀਨਦੇ ਹੀ ਨਹੀਂ । ਚੀਨਣ ਤਾਂ ਜੇ ਗੁਰ ਕੀ ਸਰਣੀ ਆਉਣ। ਉਹ ਤਾਂ ਆਪਣੇ ਅਹੰਕਾਰ ਦੇ ਮਤੇ ਹੋਏ ਦੂਰ ਦੂਰ ਹੀ ਭਜੇ ਫਿਰਦੇ ਹਨ, ਪਏ ਦਿਸੰਤਰੀਂ ਭਟਕਦੇ ਭਰਮਦੇ ਹਨ।੩।

ਹੁਣ ਪੰਡਤਾਂ ਪਾਂਧੇ ਜੋਤਸ਼ੀਆਂ ਦੀ ਗੱਲ ਲਵੋ। ਉਹ ਓਦੂੰ ਭੀ ਰਹੇ ਹੋਏ ਹਨ, ਰਹਿ ਖੜੋਤੇ ਹਨ। ਉਹ ਨਿਤ ਪੁਰਾਣਾਂ ਨੂੰ ਪੜ੍ਹਦੇ ਹਨ, ਭੰਬਲ ਭੂਸੇ ਹੀ ਖਾਂਦੇ ਹਨ! ਸੱਚੇ ਪਦਾਰਥ ਮਈ ਸੱਚੀ ਵਸਤੂ ਤਾਂ ਅੰਤਰਿ ਆਤਮੇ ਹੀ ਹੈ, ਜਿਸ ਨੂੰ ਉਹ ਬਾਹਰ ਭਾਲਦੇ ਫਿਰਦੇ ਹਨ ਅਤੇ ਜਿਸ ਬ੍ਰਹਮ ਨੂੰ ਉਹ ਪੁਰਾਣਕ ਵਿਦਿਆ ਕੁਵਿਦਿਆ ਦੇ ਆਸਰੇ ਬਾਹਜ-ਮੁਖੀ ਹੋ ਕੇ ਬਾਹਰੋਂ ਹੀ ਢੂੰਡਦੇ ਹਨ। ਉਹ ਬ੍ਰਹਮ ਤਾਂ ਘਟ ਅੰਦਰ ਗੁਪਤ ਲੁਕਿਆ ਬੈਠਾ ਹੈ, ਪਰ ਇਹ ਗੁਰਮਤਿ ਜੁਗਤੀ ਨਾਲ ਹੀ, ਗੁਰਮਤਿ ਸ਼ਬਦ-ਕਰਮ ਦੀ ਜੁਗਤੀ ਨਾਲ ਹੀ ਗੁਪਤੋਂ ਪਰਗਟ ਹੁੰਦਾ ਹੈ, ਜੋਤਿ-ਸ਼ਿਗੁਫਤਾ ਹੋ ਕੇ ਪ੍ਰਕਾਸ਼ਤ ਹੋ ਜਾਂਦਾ ਹੈ। ਪੁਰਾਣਾਂ ਦੀ ਪੜ੍ਹਾਈ ਅੰਦਰ ਇਸ ਗੁਰਮਤਿ ਗੂੜ੍ਹ ਭੇਦ ਦਾ ਨਮੂਦ ਭੀ ਨਹੀਂ।੪।

ਅਨੇਕਾਂ ਤਪੱਸਿਆ ਕਰਨ ਵਾਲੇ ਤਪਸੀ ਲੋਕ ਹਨ, ਜੋ ਤਪੱਸਿਆ ਕਰਨ ਹਿਤ ਬਨਾਂ ਵਿਖੇ ਅਤੇ ਤੀਰਥਾਂ ਦੇ ਤਟਾਂ ਉਤੇ ਜਾਇ ਬਸਦੇ ਹਨ, ਘਰ ਬਾਰ ਨੂੰ ਛਡ ਕੇ। ਪਰ ਤਪ ਕੀਤਿਆਂ ਤਾਮਸ, ਤਮੋ ਗੁਣ ਹੀ ਵਧਦਾ ਹੈ, ਉਹ ਤਪਸੀ ਤਮੋ ਗੁਣੀ ਕਰੋਧੀ ਹੀ ਹੋ ਜਾਂਦੇ ਹਨ ਅਤੇ ਤਾਮਸੀ ਭੀ ਪੁਜ ਕੇ ਅਤੇ ਪਰਲੇ ਦਰਜੇ ਦੇ ਹੁੰਦੇ ਹਨ। ਉਹ ਤਾਮਸੀ ਆਤਮ-ਪਦਾਰਥ ਪਰਮਾਤਮ ਪਦ ਨੂੰ ਆਪਣੇ ਅੰਦਰ ਨਹੀਂ ਚੀਨ (ਲਖ) ਸਕਦੇ। ਤਾਂ ਫੇਰ ਉਪਰਾਮਤਾ ਉਦਾਸੀਨਤਾ ਮਈ ਗ੍ਰਿਹਸਤ ਦਾ ਤਿਆਗ ਉਨ੍ਹਾਂ ਨੇ ਕਾਹਦੇ ਲਈ ਕੀਤਾ ? ਇਸ ਤਿਆਗ ਨੂੰ ਲਾਜ ਲਾਈ। ਆਪਣੇ ਤਿਆਗ ਵੈਰਾਗ ਨੂੰ ਹੀ ਹਾਸੋ ਹੀਣਾ ਕੀਤਾ।੫।

ਅਣਗਿਣਤ ਐਸੇ ਪੁਰਸ਼ ਹਨ ਜੋ ਹਠ ਨਿਗ੍ਰਹਿ ਕਰਿ ਆਪਣੇ ਬੀਰਜ ਨੂੰ ਕਾਇਮ ਰਖਣ ਵਿਚ ਹੀ ਆਪਣੇ ਆਪ ਨੂੰ ਪੁੱਗੇ ਹੋਏ ਸਮਝਦੇ ਹਨ, ਅਤੇ ਇਸ ਬਿੰਦ ਨੂੰ ਰੋਕ ਜਤੀ ਸਦਾਵਣ ਦੀ ਵਡਿਆਈ ਵਿਚ ਹੀ ਫੁਲੇ ਅਤੇ ਭੁਲੇ ਫਿਰਦੇ ਹਨ ਅਤੇ ਆਵਾ-ਗਉਣ ਦੇ ਗੇੜ ਵਿਚ ਭਰਮਿ ਭਰਮਿ ਚੋਟਾਂ ਖਾਂਦੇ ਹਨ। ਉਨ੍ਹਾਂ ਭਰਮ-ਭੁਲਿਆਂ ਦਾ ਛੁਟਕਾਰਾ ਨਿਸਤਾਰਾ ਭੀ ਗੁਰ-ਸ਼ਬਦ ਦੀ ਪਾਰਸ-ਕਮਾਈ ਬਿਨਾਂ ਨਹੀਂ ਹੋ ਸਕਦਾ। ਕਿਤੇ ਭਾਗ ਖੁਲ੍ਹਣ ਤਾਂ ਗੁਰ-ਸਰਣਾਈ ਆਵਣ, ਗੁਰੂ ਘਰ ਤੋਂ ਗੁਰ-ਦੀਖਿਆ ਗੁਰ-ਮੰਤਰ ਪ੍ਰਾਪਤਿ ਕਰਨ। ਫੇਰ ਗੁਰ-ਮੰਤਰ ਦੀ ਅਥੱਕ ਕਮਾਈ ਕਰਨ ਤਾਂ ਜਾ ਕੇ ਉਨ੍ਹਾਂ ਦਾ ਨਿਸਤਾਰਾ ਛੁਟਕਾਰਾ ਹੋਵੇ।੬।

ਵਿਰਲੇ ਵਡਭਾਗੇ ਗੁਰਸਿੱਖਾਂ ਸੇਵਕਾਂ ਦੀ ਬਹੁਲਤਾ ਭੀ ਐਸੀ ਹੈ ਜੋ ਗ੍ਰਿਹਸਤੀ ਹੁੰਦੇ ਹੋਏ, ਘਰ ਅੰਦਰ ਹੀ ਰਹਿ ਕੇ, ਗੁਰ-ਦੀਖਸ਼ਾਏ ਗੁਰ-ਮੰਤਰ-ਨਾਮ ਦੀ ਸਿਮਰਨ ਰੂਪੀ ਸੇਵ (ਅਭਿਆਸ ਕਮਾਈ) ਨੂੰ ਸਾਧਦੇ ਹੋਏ, ਗੁਰਮਤਿ ਦੇ ਪੱਕ ਧਾਰਨੀ ਬਣੇ ਹੋਏ ਹਨ (ਗੁਰਮਤੀ ਲਗੇ ਹੋਏ ਹਨ)। ਉਨ੍ਹਾਂ ਨੇ ਨਾਮ ਦਾਨ, ਇਸ਼ਨਾਨ ਦੀ ਗੁਰਮਤਿ ਰਹਿਣੀ (ਗੁਰੂ ਘਰ ਦੀ ਰਹਿਤ ਮਰਯਾਦਾ) ਦ੍ਰਿੜ੍ਹ ਕਰ ਕੇ ਧਾਰਨ ਕੀਤੀ ਹੋਈ ਹੈ। ਇਸ ਬਿਧਿ ਕੀਤੀ ਗੁਰ-ਭਗਤੀ ਦੁਆਰਾ ਉਨ੍ਹਾਂ ਨੂੰ ਘਰ ਵਿਚ ਸੁਹਾਗ ਭਾਗ ਦੀ ਜਾਗ, ਸੁਜਾਗੀ ਜਾਗ ਲਗ ਜਾਂਦੀ ਹੈ। ਇਸ ਬਿਧਿ ਗੁਰੂ ਦੁਆਰਾ


www.AKJ.Org

# ਅਨੋਖਾ ਪ੍ਰਚਾਰਕ–ਸ੍ਰੀ ਗੁਰੂ ਨਾਨਕ ਦੇਵ ਜੀ

[ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ, 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਗੁਰੂ ਨਾਨਕ ਦੇਵ ਜੀ ਦਾ ਪ੍ਰਚਾਰ-ਢੰਗ ਅਨੋਖਾ ਤੇ ਨਿਰਾਲਾ ਸੀ। ਉਨ੍ਹਾਂ ਇਕ ਥਾਂ ਤੇ ਬੈਠ ਕੇ, ਡੇਰਾ ਕਾਇਮ ਕਰ ਕੇ, ਪੂਜਾ ਕਰਾ ਕੇ, ਆਪਣੇ ਚੇਲਿਆਂ ਰਾਹੀਂ ਲੋਕਾਂ ਨੂੰ ਸੱਦ ਕੇ, ਕਰਾਮਾਤਾਂ ਵਿਖਾ ਕੇ ਜਾਂ ਰਿੱਧੀਆਂ, ਸਿੱਧੀਆਂ, ਨਿੱਧੀਆਂ ਦੇ ਡਰ ਤੋਂ ਧਮਕਾ ਕੇ, ਉਨ੍ਹਾਂ ਨੂੰ ਆਪਣੇ ਮਗਰ ਲਾ ਕੇ, ਆਪਣੇ ਤੇ ਪਰਵਾਰ ਲਈ ਜਾਗੀਰਾਂ ਜਾਂ ਡੇਹੇ ਕਾਇਮ ਕਰਨ ਦਾ ਯਤਨ ਨਹੀਂ ਕੀਤਾ, ਸਗੋਂ ਉਨ੍ਹਾਂ ਦਾ ਪ੍ਰਚਾਰ-ਢੰਗ ਨਾਟਕੀ ਸੀ।

ਉਨ੍ਹਾਂ ਨੇ ਰਾਜਿਆਂ-ਮਹਾਰਾਜਿਆਂ, ਪਰਜਾ ਦੇ ਅੱਡ ਅੱਡ ਵਰਗਾਂ, ਬ੍ਰਾਹਮਣਾਂ, ਖਤਰੀਆਂ, ਜੋਗੀਆਂ, ਜੈਨੀਆਂ, ਮੁਸਲਮਾਨਾਂ, ਪੀਰਾਂ, ਫ਼ਕੀਰਾਂ, ਠੱਗਾਂ, ਰੁਹੇਲਿਆਂ, ਪਠਾਣਾਂ, ਕਾਮਰੂਪ ਦੀਆਂ ਨਾਰਾਂ, ਦੀਪਾਲਪੁਰ ਦੇ ਕੋਹੜੀਆਂ, ਹਮਜ਼ਾ ਗੌਸ ਵਰਗੇ ਹੱਠੀ ਫ਼ਕੀਰਾਂ, ਅਜਮੇਰ ਦੇ ਮੁਅਈਨ ਦੀਨ ਵਰਗੇ ਪਖੰਡੀਆਂ, ਕੌਡੇ ਵਰਗੇ ਰਾਖਸ਼ਾਂ ਤੇ ਅਚਲ ਵਟਾਲੇ ਦੇ ਰਿੱਧੀਆਂ ਸਿੱਧੀਆਂ ਵਾਲੇ ਜੋਗੀਆਂ ਕੋਲ ਆਪ ਪੁੱਜ ਕੇ ਉਨ੍ਹਾਂ ਤਾਈਂ ਆਪਣਾ ਨਜ਼ਰੀਆ ਪੁਚਾਇਆ। ਉਹ ਆਪ ਹਿੰਦੂਆਂ, ਮੁਸਲਮਾਨਾਂ ਤੇ ਜੋਗੀਆਂ ਦੇ ਟਿਕਾਣਿਆਂ ਤੇ ਪੁਜੇ। ਕੁਰਕਸ਼ੇਤਰ, ਹਰਦਵਾਰ, ਬਨਾਰਸ, ਜਗਨਨਾਥਪੁਰੀ ਤੇ ਗਇਆ ਦੇ ਮੰਦਰਾਂ ਤੋਂ ਇਲਾਵਾ ਮੱਕਾ, ਮਦੀਨਾ, ਬਗਦਾਦ, ਸੁਮੇਰ-ਪਰਬਤ, ਮਾਨ-ਸਰੋਵਰ, ਤਿਬਤ ਤੇ ਚੀਨ ਆਦਿ ਥਾਵਾਂ ਤੇ ਜਾ ਕੇ ਆਪ ਨੇ "ਸਤਿ ਕਰਤਾਰ" ਦਾ ਜੈਕਾਰਾ ਲਾਇਆ।

ਜਿਥੇ ਜਿਥੇ ਆਪ ਗਏ, ਬੜੇ ਨਿਰਾਲੇ ਢੰਗ ਨਾਲ, ਨਾਟਕੀ ਢੰਗ ਨਾਲ, ਆਪਣੇ ਨਜ਼ਰੀਏ ਨੂੰ ਪੇਸ਼ ਕੀਤਾ ਤੇ ਆਪਣੇ ਮਨੋਰਥ ਵਿਚ ਸਫਲਤਾ ਪ੍ਰਾਪਤ ਕੀਤੀ। ਸਦਾਚਾਰ ਦਾ ਸਰਬ ਸਾਂਝਾ ਉਪਦੇਸ਼ ਦਿੱਤਾ। ਆਪੋ-ਆਪਣੇ ਧਾਰਮਿਕ ਚਿੰਨ੍ਹਾਂ ਦੀ ਅਸਲੀਅਤ ਨੂੰ ਪਛਾਣ ਕੇ, ਉਨ੍ਹਾਂ ਦੇ ਦਸੇ ਸਦਾਚਾਰ ਦੇ ਤੁਲ ਸਾਬਤ ਹੋਣ ਲਈ ਕਿਹਾ। ਰਿੱਧੀਆਂ ਸਿੱਧੀਆਂ ਤੋਂ ਉੱਚਾ ਉਠਣ ਦੀ ਪ੍ਰੇਰਨਾ ਕੀਤੀ। ਪਖੰਡ ਦੀ ਨਿਖੇਧੀ ਕੀਤੀ। ਪ੍ਰਚਲਤ ਮੁਕਤੀ ਦੇ ਸਾਧਨ : ਤੀਰਥ-ਇਸ਼ਨਾਨ, ਵਰਤ ਪੂਜਾ ਆਦਿ ਦੀ ਅਸਲੀਅਤ ਦੱਸੀ। ਸੂਤਕ, ਜਨੇਊ, ਸਰਾਧ ਆਦਿ ਰਸਮਾਂ ਦੀ ਨਿਖੇਧੀ ਕੀਤੀ। ਖਾਣ-ਪੀਣ ਦੇ ਭਰਮਾਂ-ਭੇਦਾਂ ਨੂੰ ਚੰਗੀ ਤਰ੍ਹਾਂ ਪ੍ਰਗਟਾਇਆ ਤੇ ਬੁੱਤ-ਪੂਜਾ ਦੇ ਉਲਟ ਆਪਣੇ ਵਿਚਾਰ ਪੇਸ਼ ਕੀਤੇ। ਪਰੰਤੂ ਜਿਥੇ ਵੀ ਆਪ ਗਏ, ਆਪ ਨੇ ਵਾਦ-ਵਿਵਾਦ, ਝਗੜਾ ਆਦਿ ਨਹੀਂ ਕੀਤਾ, ਸਗੋਂ ਬੜੇ ਨਾਟਕੀ ਢੰਗ ਨਾਲ ਉਸ ਵਿਚਾਰ ਦੇ ਉਲਟ ਕੋਈ ਯਤਨ ਕੀਤਾ ਜਿਸ ਨੂੰ ਆਪ ਗ਼ਲਤ ਸਮਝਦੇ ਸਨ। ਉਨ੍ਹਾਂ ਨੇ ਆਪਣੇ ਵਿਚਾਰ ਜਨਤਾ ਉਤੇ ਠੋਸੇ ਨਹੀਂ, ਸਗੋਂ ਇਸ ਤਰ੍ਹਾਂ ਪੇਸ਼ ਕੀਤੇ ਕਿ ਸਾਰੇ ਲੋਕਾਂ ਨੂੰ ਜਚਣ ਤੇ ਉਹ ਆਪਣੇ ਆਪ ਉਨ੍ਹਾਂ ਨੂੰ ਅਪਨਾਉਣ।

ਛੋਟੀ ਆਯੂ ਵਿਚ ਹੀ ਆਪ ਜੀ ਨੂੰ ਜਨੇਊ ਪਾਣ ਦੀ ਰਸਮ ਕੀਤੀ ਜਾਣ ਲੱਗੀ ਤੇ ਆਪ ਨੂੰ ਦਸਿਆ ਗਿਆ ਕਿ ਜਨੇਊ ਤੋਂ ਬਿਨਾਂ ਮਨੁੱਖ ਸੂਦਰ ਹੁੰਦਾ ਹੈ ਤੇ ਇਸ ਦੇ ਪਹਿਨਣ ਨਾਲ ਲੋਕ-ਪਰਲੋਕ ਸੰਵਰਦੇ ਹਨ। ਤਾਂ ਆਪ ਨੇ ਜਨੇਊ ਦੀ ਨਿਖੇਧੀ ਕਰਨ ਦੀ ਬਜਾਏ, ਅਜਿਹੇ ਜਨੇਊ ਦੀ ਮੰਗ ਕੀਤੀ ਜੋ ਨਾ ਕਦੇ ਟੁਟੇ, ਨਾ ਮੈਲਾ ਹੋਵੇ ਅਤੇ ਨਾ ਸੜੇ। ਨਿਸਚੇ ਹੀ ਅਜਿਹੀਆਂ ਖ਼ੂਬੀਆਂ ਉਸ ਸੂਤਰ ਦੇ ਜਨੇਊ ਵਿਚ ਨਹੀਂ ਸਨ ਹੋ ਸਕਦੀਆਂ।

---

☫ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਐਥੇ ਹੀ, ਇਸ ਲੋਕ ਵਿਖੇ ਹੀ ਸੱਚੇ ਦਰ ਘਰ ਦਾ ਜਾਣੂ ਹੋ ਜਾਈਦਾ ਹੈ ਅਤੇ ਅਗੇ ਜਾ ਕੇ ਭੀ ਏਸੇ ਜਾਣ ਪਛਾਣ ਦੀ ਨੀਸ਼ਾਨੀ ਦੁਆਰਾ ਸੱਚੜਾ ਦੁਆਰਾ ਸਚ-ਖੰਡ ਦਰਬਾਰ ਸਿਆਣ ਲਈਦਾ ਹੈ। ਸਿਆਣ ਕੇ ਛੜੱਪ ਹੀ ਉਸ ਦੁਆਰੇ ਜਾ ਵੜੀਦਾ ਹੈ, ਜਿਥੋਂ ਹੋੜਨ ਹਟਕਣ ਵਾਲਾ ਕੋਈ ਨਹੀਂ। ਗੁਰੂ ਨਾਨਕ ਸਾਹਿਬ ਦੀ ਪਹੁੰਚ ਨਾਲ, ਧੁਰਿ ਪਹੁੰਚਿਆਂ ਹੋਇਆਂ ਨੂੰ ਧੁਰ ਸਚ-ਖੰਡ ਪਹੁੰਚ ਕੇ ਭੀ ਸੱਚੜਾ ਨਾਮ ਨਹੀਂ ਵੀਸਰਦਾ। ਐਸਾ ਉਨ੍ਹਾਂ ਦੀ ਆਤਮਾ ਅੰਦਰ ਉਹ (ਨਾਮ) ਧਸਿਆ ਅਤੇ ਰਸਿਆ ਹੋਇਆ ਹੁੰਦਾ ਹੈ। ੭-੮।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ]



www.AKJ.Org

ਉਹਨਾਂ ਨੇ ਰਸਮੀ ਜਨੇਊ ਦੀ ਥਾਂ ਦਇਆ, ਸੰਤੋਖ, ਜਤੁ ਅਤੇ ਸਤੁ ਵਾਲੇ ਜਨੇਊ ਦੀ ਮੰਗ ਕੀਤੀ, ਜੋ ਕਿ ਦੂਸਰੇ ਢੰਗ ਨਾਲ ਅਖੌਤੀ ਜਨੇਊ ਪਹਿਨਣ ਤੋਂ ਇਨਕਾਰ ਸੀ। ਪਰ ਇਸ ਤਰ੍ਹਾਂ ਨਾਲ ਇਨਕਾਰ ਕਰਨ ਤੋਂ ਨਾ ਮਾਪਿਆਂ ਦਾ ਅਪਮਾਨ ਹੋਇਆ, ਨਾ ਜਨੇਊ ਪਹਿਨਣ ਵਾਲਿਆਂ ਦਾ ਮਨ ਦੁਖਿਆ ਅਤੇ ਨਾ ਹੀ ਪਾਂਡੇ ਪਾਸੋਂ ਕੋਈ ਉਤਰ ਬਣ ਆਇਆ।

ਬਚਪਨ ਵਿਚ ਜਦ ਗੁਰੂ ਜੀ ਆਪਣੇ ਨਿਰੰਕਾਰ ਨਾਲ ਇਕ-ਮਿਕ ਹੋਣ ਲਈ ਕਦੀ ਸਮਾਧਿਸ਼ਟ ਹੋ ਬੈਠਦੇ ਜਾਂ ਘਟ ਬੋਲਦੇ ਤਾਂ ਮਾਪਿਆਂ ਨੇ ਇਹ ਸਮਝ ਕੇ, ਕਿ ਇਨ੍ਹਾਂ ਨੂੰ ਕੋਈ ਰੋਗ ਹੈ, ਫ਼ਿਕਰ ਕਰਨਾ ਸ਼ੁਰੂ ਕਰ ਦਿੱਤਾ। ਅਜਿਹੇ ਇਕ ਅਵਸਰ ਤੇ ਮਾਪਿਆਂ ਨੇ ਇਕ ਵੈਦ ਨੂੰ ਸੱਦ ਲਿਆਂਦਾ। ਵੈਦ ਨੇ ਆਪਣੇ ਸਿੱਖੇ ਹੋਏ ਢੰਗ ਨਾਲ ਰੋਗੀ ਸਮਝ ਕੇ ਨਬਜ਼ ਦੇਖਣੀ ਚਾਹੀ। ਗੁਰੂ ਜੀ ਨੇ ਅਜਿਹੀ ਅਵਸਥਾ ਨੂੰ ਵਿਅੰਗਮਈ ਸ਼ਬਦਾਂ ਵਿਚ ਵਰਣਨ ਕੀਤਾ ਹੈ। ਫੁਰਮਾਨ ਹੈ—

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥੩॥
(ਸਲੋਕ ਮ: ੧, ਵਾਰ ਮਲਾਰ, ਪੰਨਾ ੧੨੭੯)

ਦਿਲਾਂ ਦੀਆਂ ਪੀੜਾਂ ਭਲਾ ਨਬਜ਼ਾਂ ਰਾਹੀਂ ਕਿਥੋਂ ਪਤਾ ਲਗਦੀਆਂ ? 'ਸੱਚਾ ਸੌਦਾ' ਆਪਣੇ ਆਪ ਵਿਚ ਸ਼ਬਦਾਂਤਕ ਪੱਖ ਤੋਂ ਕਿੰਨਾ ਨਾਟਕੀ ਹੈ। ਲੋੜਵੰਦਾਂ, ਭੁਖਿਆਂ ਤੇ ਨੰਗਿਆਂ ਨੂੰ ਆਪਣੀ ਕਮਾਈ ਵਿਚੋਂ ਪਰਸ਼ਾਦਾ ਤੇ ਬਸਤਰ ਦੇਣ ਨੂੰ 'ਸੱਚਾ ਸੌਦਾ' ਕਰਨਾ ਕਿਹਾ ਹੈ। ਲੋੜਵੰਦ ਦੀ ਲੋੜ ਨੂੰ ਯਥਾ-ਸ਼ਕਤਿ ਪੂਰਿਆਂ ਕਰਨ ਨੂੰ 'ਸੱਚਾ-ਸੌਦਾ' ਕਹਿਣਾ ਆਪਣੇ ਆਪ ਵਿਚ ਨਰੋਈ ਤੇ ਨਾਟਕੀ ਪ੍ਰੀਭਾਸ਼ਾ ਹੈ।

ਸੁਲਤਾਨਪੁਰ ਵਿਚ ਨਵਾਬ ਤੇ ਕਾਜ਼ੀ ਨਾਲ ਨਮਾਜ਼ ਪੜ੍ਹਨ ਜਾਣਾ ਤੇ ਫਿਰ ਉਹਨਾਂ ਨਾਲ ਨਮਾਜ਼ ਵਿਚ ਸ਼ਾਮਲ ਨਾ ਹੋਣਾ ਅਤੇ ਪੁਛਣ ਤੇ ਦਸਣਾ ਕਿ ਉਹਨਾਂ ਵਿਚੋਂ ਇਕ ਅਰਬ ਵਿਚ ਘੋੜੇ ਖ਼ਰੀਦ ਰਿਹਾ ਸੀ ਜਦੋਂ ਕਿ ਦੂਸਰਾ ਘਰ ਵਿਚ ਸੂਈ ਘੋੜੀ ਦੇ ਵਛੇਰੇ ਦੇ ਫ਼ਿਕਰ ਵਿਚ ਸੀ, ਆਪਣੇ ਆਪ ਵਿਚ ਇਕ ਤਕੜਾ ਵਿਅੰਗ ਹੈ ਉਹਨਾਂ ਲੋਕਾਂ ਤੇ, ਜੋ ਵਿਖਾਵੇ ਦੀ ਪੂਜਾ ਜਾਂ ਭਗਤੀ ਕਰਦੇ ਹਨ। ਕਿੰਨੇ ਨਾਟਕੀ ਢੰਗ ਨਾਲ ਵਿਖਾਵੇ ਦਾ ਖੰਡਨ ਕੀਤਾ ਗਿਆ ਹੈ।

ਇਹ ਨਾਟਕੀਅਤਾ ਦਾ ਢੰਗ ਹੀ ਗੁਰੂ ਜੀ ਦਾ ਵਿਸ਼ੇਸ਼ ਪ੍ਰਚਾਰ-ਢੰਗ ਸੀ।

"ਗੁਰੂ ਨਾਨਕ-ਲਾਲੋ-ਭਾਗੋ" ਸਾਖੀ ਕਿਵੇਂ ਪੁੰਨ ਦੀ ਕਮਾਈ ਤੇ ਪਾਪ ਦੀ ਕਮਾਈ ਤੋਂ ਪਰਦਾ ਉਠਾਂਦੀ ਹੈ, ਕਿਵੇਂ ਸੁੱਚੀ ਕਿਰਤ ਦੀ ਵਡਿਆਈ ਪੇਸ਼ ਕਰਦੀ ਹੈ, ਕਿਵੇਂ ਦੂਸਰਿਆਂ ਦੀ ਕੀਤੀ ਕਮਾਈ ਨੂੰ ਆਪਣੇ ਸੁਆਰਥ ਲਈ ਨਿੱਜੀ ਵਰਤੋਂ ਵਿਚ ਲਿਆਉਣਾ 'ਲਹੂ' ਦੱਸਿਆ ਤੇ ਸਿੱਖ ਧਰਮ ਦੇ ਮੁਢਲੇ ਅਸੂਲਾਂ "ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ" ਦਾ ਪ੍ਰਤੀਕ ਭਾਈ ਲਾਲੋ ਨੂੰ ਪੇਸ਼ ਕੀਤਾ। ਇਹ ਇਕ ਮਹਾਨ ਨਾਟਕੀ ਢੰਗ ਸੀ, ਜਿਸ ਨੇ ਆਮ ਲੋਕਾਂ ਨੂੰ ਗੁਰੂ ਜੀ ਦੀ ਸਿਖਸ਼ਾ ਵੱਲ ਪ੍ਰੇਰਤ ਕੀਤਾ।

ਬਾਹਰਲੀ ਪੋਚਾ-ਪਾਚੀ ਤੇ ਅੰਦਰਲੀ ਕਰੂਪਤਾ ਦਾ ਖੰਡਨ ਕਰਨ ਲਈ ਆਪ ਜ਼ਿਲਾ ਮੁਲਤਾਨ ਦੇ ਦੇ ਇਕ ਪਿੰਡ ਤੁਲੰਬੇ ਪੁਜੇ। ਸੱਜਣ ਠੱਗ ਦੀ ਕਾਇਆਂ-ਕਲਪ ਕੀਤੀ, ਪਰ ਕਿੰਨੇ ਸੋਹਣੇ ਢੰਗ ਨਾਲ। ਇਹ ਖ਼ੂਬੀਆਂ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਹੀ ਆਈਆਂ ਹਨ ! ਕਿਸੇ ਦਾ ਔਗੁਣ ਪਰਗਟ ਕਰ ਦੇਣਾ ਇੰਨੀ ਵਡਿਆਈ ਨਹੀਂ ਜਿੰਨਾ ਉਸ ਔਗੁਣ ਤੋਂ ਉਸ ਨੂੰ ਬਚਾ ਲੈਣਾ ਹੈ। ਸੋ, ਗੁਰੂ ਨਾਨਕ ਜੀ ਦਾ 'ਜਗਤ ਜਲੰਦੇ' ਨੂੰ ਤਾਰਨਾ ਸਭ ਤੋਂ ਵੱਡਾ ਕਰਤਵ ਸੀ। ਸੱਜਣ ਠੱਗ ਨੂੰ ਕਿਵੇਂ ਉਸ ਦੇ ਔਗੁਣ ਸੁਝਾਏ ਤੇ 'ਸੱਜਣ' ਸਬਦ ਦੀ ਪ੍ਰੀਭਾਸ਼ਾ ਦੱਸੀ—

ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥


www.AKJ.Org

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ਰਹਉ॥(ਸੂਹੀ ਮਹਲਾ ੧, ਪੰਨਾ ੭੨੯)

**ਇਸੇ** ਤਰ੍ਹਾਂ ਹਰਿਦੁਆਰ ਗੰਗਾ ਵਿਚ ਖਲੋ ਕੇ, ਕਰਤਾਰਪੁਰ ਵਲ ਪਾਣੀ ਝੱਟਣਾ, ਆਮ ਲੋਕਾਂ ਨੂੰ **ਦਸਣਾ ਸੀ ਕਿ** ਕਰੋੜਾਂ ਮੀਲਾਂ ਤੇ ਵਸਦੇ ਤੁਹਾਡੇ ਅਖੌਤੀ ਪਿਤਰਾਂ ਨੂੰ ਪਾਣੀ ਪੁੱਜ ਨਹੀਂ ਸਕਦਾ। ਜੇਕਰ **ਗੁਰੂ ਜੀ ਸਿਰਫ** ਗਲੀਂ ਬਾਤੀਂ ਉਨ੍ਹਾਂ ਨੂੰ ਇਹ ਸੋਝੀ ਦੇਣ ਦੀ ਕੋਸ਼ਿਸ਼ ਕਰਦੇ ਤਾਂ ਸ਼ਾਇਦ ਲੋਕਾਂ ਨੂੰ ਇਸ ਗ਼ਲਤੀ ਦਾ ਅਹਿਸਾਸ ਨਾ ਹੁੰਦਾ, ਪਰੰਤੂ ਉਨ੍ਹਾਂ ਦਾ ਉਲਟੇ ਪਾਸੇ ਪਾਣੀ ਝੱਟਣਾ, ਲੋਕਾਂ ਨੂੰ ਆਪਣੇ ਵੱਲ **ਪ੍ਰੇਰਤ ਕਰ ਕੇ,** ਆਪਣਾ ਨੁਕਤਾ ਉਨ੍ਹਾਂ ਨੂੰ ਸਮਝਾਉਣ ਲਈ ਸਿੱਧ ਸਾਬਤ ਹੋਇਆ। ਇਹ ਨਾਟਕੀ ਢੰਗ ਹੀ ਉਨ੍ਹਾਂ ਦੇ ਪ੍ਰਚਾਰ ਦੀ ਜਿੰਦ-ਜਾਨ ਸੀ।

**ਗੋਰਖ-ਮਤੇ** ਦੇ ਜੋਗੀਆਂ ਨੂੰ ਅਸਲੀ ਜੋਗੀ ਹੋਣ ਦਾ ਸੁਝਾਅ ਦੇਂਦਿਆਂ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੋਗ ਨਿਰਾ ਭੇਖ ਧਾਰਿਆਂ ਨਹੀਂ ਹੁੰਦਾ, ਸਗੋਂ ਕੰਵਲ ਵਾਂਗ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਵਿਚੋਂ **ਅਲੇਪ** ਰਹਿ ਕੇ ਮਨੁੱਖ ਸੰਸਾਰ ਵਿਚ ਵਿਚਰੇ। ਇਉਂ ਮਾਇਆ ਦੀਆਂ ਮਾਰੂ ਰੁਚੀਆਂ ਤੋਂ ਬੱਚ ਕੇ ਉਹ **ਮੁਕਤੀ ਪ੍ਰਾਪਤ** ਕਰ ਸਕਦਾ ਹੈ। ਮੁਕਤੀ ਪ੍ਰਾਪਤ ਕਰਨ ਵਾਸਤੇ ਸੰਸਾਰ ਦਾ ਤਿਆਗ ਕਰਨ ਦੀ ਲੋੜ ਨਹੀਂ। ਨਿਰੀਆਂ ਫੋਕੀਆਂ ਗੱਲਾਂ ਨਾਲ ਜੋਗ ਪ੍ਰਾਪਤ ਨਹੀਂ ਹੁੰਦਾ, ਸਗੋਂ ਸਗਲ ਸੰਸਾਰ ਨੂੰ ਇਕ ਦ੍ਰਿਸ਼ਟੀ ਰਾਹੀਂ ਸਮਸਰਿ ਜਾਣਿਆਂ ਹੀ ਅਸਲੀ ਜੋਗੀ ਕਹਾ ਸਕਦਾ ਹੈ–

ਜੋਗੁ ਨਾ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ, ਜੋਗੀ ਕਹੀਐ ਸੋਈ॥ਰਹਾਉ॥(੭੩੦)

**ਜਦੋਂ ਗੁਰੂ** ਜੀ ਬਨਾਰਸ ਪੁਜੇ ਤਾਂ ਪੰਡਤ ਚਤੁਰਦਾਸ ਨੇ ਉਨ੍ਹਾਂ ਦੇ ਗਲ ਵਿਚ ਸਾਲਗਰਾਮ, ਤੁਲਸੀ **ਮਾਲਾ ਤੇ** ਜਨੇਊ ਨਾ ਵੇਖ ਕੇ ਖੇਦ ਪਰਗਟ ਕੀਤਾ। ਉਸ ਦੇ ਪੁਛਣ ਤੇ ਗੁਰੂ ਜੀ ਨੇ ਉੱਤਰ ਦਿੱਤਾ, ਉਹ ਸਿਰਫ **ਚਤੁਰਦਾਸ** ਵਾਸਤੇ ਹੀ ਨਹੀਂ, ਸਗੋਂ ਸਭ ਦੀ ਨਿਸ਼ਾ ਕਰਨ ਲਈ ਕਾਫ਼ੀ ਹੈ। ਗੁਰੂ ਜੀ ਨੇ ਦਸਿਆ ਕਿ ਕਿਉਂ ਬਾਹਰਲੇ ਵੇਸ-ਭੇਸ ਤੇ ਹੀ ਰੀਝ ਜਾਂਦੇ ਹੋ ਤੇ ਸਮਝ ਲੈਂਦੇ ਹੋ ਕਿ ਬਾਹਰਲਾ ਪਹਿਰਾਵਾ ਪੂਰਨ ਹੋਣ **ਨਾਲ ਕੰਮ** ਸਮਾਪਤ ਹੋ ਗਿਆ। ਸਗੋਂ ਲੋੜ ਹੈ "ਰਾਮ-ਨਾਮ" ਦੇ ਜਪਣ ਦੀ, ਤਾਂਕਿ ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੋ ਸਕੇ। ਉਨ੍ਹਾਂ ਕਿਹਾ–

"ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ ਮਾਲਾ ॥
ਰਾਮ ਨਾਮੁ ਜਪਿ ਬੇੜਾ ਬਾਂਧਹੁ, ਦਇਆ ਕਰਹੁ ਦਇਆਲਾ ॥੧॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ॥੧॥ਰਹਾਉ॥
(ਬਸੰਤੁ ਮਹਲਾ ੧, ਪੰਨਾ ੧੧੭੧)

**ਜਾਦੂ** ਟੂਣਿਆਂ ਵਿਚ ਵਿਸ਼ਵਾਸ ਨਾ ਰੱਖਣ ਵਾਲੇ ਗੁਰੂ ਜੀ ਆਪਣੇ ਸਿੱਖਾਂ ਨੂੰ ਐਸੇ ਭਰਮ-ਭੁਲੇਖਿਆਂ ਵਿਚੋਂ ਕੱਢਣਾ ਚਾਹੁੰਦੇ ਸਨ। ਇਸ ਉਪਦੇਸ਼ ਨੂੰ ਦ੍ਰਿੜ੍ਹ ਕਰਾਉਣ ਲਈ ਉਹਨਾਂ ਨੇ 'ਕਾਮ-ਰੂਪ' ਦੀ ਧਰਤੀ ਚੁਣੀ, ਜਿਥੇ ਲੈਜਾ ਕੇ ਮਰਦਾਨੇ ਨੂੰ 'ਨੂਰਸ਼ਾਹ' ਜਾਦੂਗਰਨੀ ਦੇ ਹਵਾਲੇ ਹੋਣ ਦਾ ਮੌਕਾ ਪੈਦਾ ਕਰ ਦਿੱਤਾ। ਢਾਕੇ ਤੋਂ ਪੰਜ ਕੋਹ ਦੀ ਵਿੱਥ ਤੇ ਧਨਪੁਰ ਪਿੰਡ ਵਿਚ "ਸੂਰਤ ਦੀ ਸੋਹਣੀ, ਮਨ ਦੀ ਖੋਟੀ" ਨੂਰ ਸ਼ਾਹ ਨਾਂ ਦੀ ਤੀਵੀਂ ਸੀ। ਮਰਦਾਨਾ ਉਸ ਪਿੱਛੇ ਲੇਲੇ ਵਾਂਗ ਲੱਗ ਤੁਰਿਆ। ਗੁਰੂ ਜੀ ਨੇ ਪ੍ਰੀਤਮ ਰੀਝਾਉਣ ਦਾ ਢੰਗ ਦੱਸਿਆ, ਜੋ ਨੂਰ ਸ਼ਾਹ ਤੇ ਹੋਰ ਸਭ ਲਈ ਅਕਸੀਰ ਸਿੱਧ ਹੋਇਆ।

**ਜਗਨਨਾਥ** ਪੁਰੀ ਵਿਚ ਪਾਂਡਿਆਂ ਨੂੰ ਸੁਝਾਅ ਦਿੱਤਾ ਕਿ ਬਨਾਵਟੀ ਆਰਤੀ ਪ੍ਰਭੂ ਨੂੰ ਹੀ ਰੀਝਾਉਣ ਦਾ ਸਾਧਨ ਨਹੀਂ, ਸਗੋਂ 'ਪ੍ਰਕਿਰਤਕ ਆਰਤੀ' ਹੀ ਉਸ ਭਵਖੰਡਨ ਦੀ ਅਸਲੀ ਆਰਤੀ ਹੈ।



www.AKJ.Org

ਸਰਾਧਾਂ ਆਦਿ ਦੇ ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਇਕ ਅਜਿਹੀ ਨਾਟਕੀ ਝਾਕੀ ਸਾਡੇ ਸਾਹਮਣੇ ਪੇਸ਼ ਕੀਤੀ, ਜਿਸ ਦੀ ਯਥਾਰਥਕਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਤੇ ਗਿਆਨ ਹੋ ਜਾਂਦਾ ਹੈ ਕਿ ਸਰਾਧਾਂ ਦਾ ਮਹਾਤਮ ਕਦੇ ਵੀ ਮਰ ਚੁਕਿਆਂ ਨੂੰ ਨਹੀਂ ਪੁਜਦਾ। ਇਸ ਦਾ ਸਬੂਤ ਦੁਨੀ ਚੰਦ ਦੇ ਪਿਤਾ ਨੂੰ, ਬਾਵਜੂਦ ਬ੍ਰਾਹਮਣਾਂ ਨੂੰ ਸਰਾਧ ਖੁਆਉਣ ਦੇ ਇਕ ਬੁਰਕੀ ਵੀ ਨਾ ਪੁਜਣਾ ਹੈ। ਦੁਨੀ ਚੰਦ ਜਦੋਂ ਪਿਤਾ ਦੇ ਨਾਮ ਤੇ ਸਰਾਧ ਖੁਆ ਰਿਹਾ ਸੀ ਤਾਂ ਉਸ ਦਾ ਪਿਤਾ ਉਥੋਂ ਪੰਜ ਕੋਹ ਦੀ ਵਿਥ ਤੇ ਬਘਿਆੜ ਬਣਿਆ ਬੈਠਾ ਸੀ, ਜਿਸ ਦਾ ਨਿਸਤਾਰਾ ਗੁਰੂ ਜੀ ਨੇ ਕੀਤਾ। ਇਹ ਸਾਰੀ ਝਾਕੀ ਅਜਿਹੇ ਵਹਿਮਾਂ ਤੇ ਇਕ ਤਗੜੀ ਚੋਟ ਹੈ।

ਗੁਰੂ ਜੀ ਦਾ ਮਨੁੱਖਤਾ ਪ੍ਰਤੀ 'ਦਰਦ' ਉਦੋਂ ਸਿਖਰ ਤੇ ਪੁਜਿਆ ਨਜ਼ਰ ਆਉਂਦਾ ਹੈ ਜਦੋਂ ਉਹ ਦੀਪਾਲਪੁਰ ਦੇ ਕੋਹੜੀ ਦੀ ਝੁੱਗੀ ਵਿਚ ਜਾਣ-ਬੁਝ ਕੇ ਰਾਤ ਗੁਜ਼ਾਰਨ ਲਈ ਚਲੇ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਹੈਰਾਨੀ ਹੋਈ ਕਿ ਕਿਸ ਤਰ੍ਹਾਂ ਗੁਰੂ ਜੀ ਉਸ ਕੋਹੜੀ ਪਾਸ ਰਾਤ ਬਿਤਾਣ ਲਈ ਚਲੇ ਗਏ, ਜਿਸ ਦੇ ਨੇੜੇ ਵੀ ਕੋਈ ਨਹੀਂ ਸੀ ਢੁਕਦਾ। ਗੁਰੂ ਜੀ ਦੀ ਨਜ਼ਰ ਵਿਚ ਸਰੀਰਕ ਰੋਗ ਦੇ ਕੋਹੜੀ ਨਾਲੋਂ ਉਹ ਵਡੇਰਾ ਰੋਗੀ ਹੈ, ਜਿਸ ਨੂੰ ਸੱਚੀ ਬਾਣੀ ਵਿਸਰ ਜਾਵੇ। ਗੁਰੂ ਜੀ ਦਾ ਫੁਰਮਾਨ ਹੈ–

ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥੫॥
(ਧਨਾਸਰੀ ਮ: ੧–੬੬੧)

ਗੁਰੂ ਜੀ ਅੰਦਰ ਦਲੇਰੀ, ਨਿਡਰਤਾ, ਨਿਰਭੈਤਾ ਇਤਨੀ ਸੀ ਕਿ ਉਹ ਆਪਣੇ ਸਮੇਂ ਦੇ ਰਾਜਿਆਂ ਨੂੰ ਸ਼ੀਂਹ ਤੇ ਕਸਾਈ ਕਹਿ ਕੇ ਪੁਕਾਰਨੋਂ ਝਿਜਕਦੇ ਨਹੀਂ ਸਨ। ਉਨ੍ਹਾਂ ਦੀ ਨਿਰਭੈਤਾ ਦਾ ਸਬੂਤ 'ਬਾਬਰਵਾਣੀ' ਵਿਚ ਵੇਖਿਆ ਜਾ ਸਕਦਾ ਹੈ, ਜਿਥੇ ਉਨ੍ਹਾਂ ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਆਖਿਆ ਹੈ।

ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ ॥੧॥੫॥ (ਪੰਨਾ ੭੨੨)

ਇਹ ਆਖਣ ਵਾਲੇ ਗੁਰੂ ਨਾਨਕ ਦੇਵ ਜੀ ਦੀ ਦਲੇਰੀ ਕਿਸੇ ਪ੍ਰਸੰਸਾ ਦੀ ਮੁਥਾਜ ਨਹੀਂ। ਇਸ ਲੜਾਈ ਬਾਰੇ ਗੁਰੂ ਨਾਨਕ ਦੇਵ ਜੀ ਨੇ 'ਖੂਨ ਦੇ ਸੋਹਿਲੇ' ਗਾਏ।

ਇਸੇ ਤਰ੍ਹਾਂ ਸਿਆਲਕੋਟ ਵਿਚ ਬੜੇ ਨਾਟਕੀ ਢੰਗ ਨਾਲ ਹਮਜ਼ਾ ਗੌਸ ਦਾ ਹੰਕਾਰ ਤੋੜਿਆ ਤੇ ਮੀਆਂ ਮਿੱਠੇ ਦਾ ਕਿਬਰ ਦੂਰ ਕਰ ਕੇ, ਉਸ ਨੂੰ ਸੁਮੱਤ ਬਖ਼ਸ਼ੀ ਅਤੇ ਅਜਮੇਰ ਵਿਚ ਮੁਅਈਨ-ਦੀਨ ਦੇ ਪਖੰਡ ਦਾ ਖੰਡਨ ਕੀਤਾ। ਪੁਸ਼ਕਰ ਰਾਜ ਵਿਚ ਜੈਨ ਧਰਮ ਦੇ ਸਾਧਾਂ (ਜੈਨੀਆਂ) ਨਾਲ ਮੇਲ ਹੋਇਆ ਤਾਂ ਉਨ੍ਹਾਂ ਦੀ ਰਹਿਣੀ-ਬਹਿਣੀ ਦੀ ਗੁਰੂ ਜੀ ਨੇ ਅਸਲੀਅਤ ਨਿਖਾਰ ਕੇ ਕਰੜੀ ਪੜਚੋਲ ਕੀਤੀ।

ਦੱਖਣ ਦੇ ਜੰਗਲ ਦੀ ਹੱਦ ਤੇ ਆਦਮ-ਖਾਣਿਆਂ ਵਿਚੋਂ ਕੌਡਾ ਰਾਖਸ਼ ਰਹਿੰਦਾ ਸੀ। ਗੁਰੂ ਜੀ, ਆਪ ਉਸ ਪਾਸ ਪੁਜੇ ਤੇ ਜਾਣ ਬੁਝ ਕੇ ਐਸਾ ਕੌਤਕ ਵਰਤਾਇਆ ਕਿ ਮਰਦਾਨਾ ਉਸ ਦੇ ਕਾਬੂ ਆ ਜਾਵੇ। ਮਰਦਾਨੇ ਨੂੰ ਐਨ ਉਸ ਮੌਕੇ ਬਚਾਇਆ ਜਦੋਂ ਕੌਡਾ ਉਸ ਨੂੰ ਤਲ ਕੇ ਖਾ ਜਾਣਾ ਚਾਹੁੰਦਾ ਸੀ। ਗੁਰੂ ਜੀ ਨੇ ਐਨ ਸਿਖਰ ਤੇ ਪੁਜ ਕੇ, ਇਸ ਦਰਦਨਾਕ ਘਟਨਾ ਨੂੰ ਕਿਵੇਂ ਆਪਣੇ ਨੂਰਾਨੀ ਦਰਸ਼ਨ ਨਾਲ ਸ਼ਾਂਤੀ ਵਿਚ ਬਦਲ ਦਿੱਤਾ ਤੇ ਕੌਡੇ ਵਰਗੇ ਆਦਮ-ਖਾਣੇ ਨੂੰ 'ਜ਼ਿੰਦਗੀ ਦਾ ਰਾਣਾ' ਬਣਾ ਦਿੱਤਾ। ਇਹੋ ਉਹਨਾਂ ਦੇ ਪ੍ਰਚਾਰ ਤੇ ਉਪਦੇਸ਼ ਦੀ ਨਾਟਕੀਅਤਾ ਸੀ।

ਗੁਰੂ ਜੀ ਸਿਰਫ ਹਿੰਦੂ ਤੀਰਥਾਂ ਉਤੇ ਹੀ ਨਹੀਂ ਗਏ, ਸਗੋਂ ਉਨ੍ਹਾਂ ਨੇ ਆਪਣਾ ਦੌਰਾ ਮੁਸਲਮਾਨੀ ਧਰਮ ਦੇ ਅਸਥਾਨਾਂ ਵੱਲ ਵੀ ਕੀਤਾ, ਕਿਉਂਕਿ ਉਨ੍ਹਾਂ ਦੇ ਸਾਹਮਣੇ ਹਿੰਦੂ ਮੁਸਲਮਾਨ ਦਾ ਵਿਤਕਰਾ ਨਹੀਂ ਸੀ। ਉਨ੍ਹਾਂ ਸਾਹਮਣੇ ਸੁਆਲ ਮਨੁੱਖ-ਮਾਤਰ ਨੂੰ ਨਿਰੰਕਾਰ ਦਾ ਸੁਨੇਹਾ ਦੇਣ ਦਾ ਸੀ। ਇਸੇ ਪ੍ਰੋਗਰਾਮ ਦੇ ਅਸਰ


www.AKJ.Org

ਹੇਠਾਂ ਉਹ ਜੱਦਾ ਦੀ ਬੰਦਰਗਾਹ ਤੋਂ ਮੱਕੇ ਨੂੰ ਗਏ। ਉਥੇ ਗੁਰੂ ਜੀ ਨੇ ਬੜੇ ਹੀ ਨਾਟਕੀ ਢੰਗ ਨਾਲ ਲੋਕਾਂ ਨੂੰ ਇਹ ਸੁਝਾ ਦਿੱਤਾ ਕਿ ਰੱਬ ਕਿਸੇ ਇਕ ਨੁਕਰੇ, ਖੂੰਜੇ ਜਾਂ ਇਕ ਦਿਸ਼ਾ ਵਿਚ ਹੀ ਨਹੀਂ, ਸਗੋਂ ਉਹ ਤਾਂ ਕਣ-ਕਣ ਅੰਦਰ ਰਮਿਆ ਪਿਆ ਹੈ।

ਬਗਦਾਦ ਉਸ ਸਮੇਂ ਪੀਰਾਂ ਦਾ ਗੜ੍ਹ ਸੀ। ਉਥੇ ਪੀਰ ਦਸਤਗੀਰ ਨਾਲ "ਸਾਹਿਬ ਦੀ ਗੋਸ਼ਟਿ" ਹੋਈ। ਜਿਸ ਵਿਗਿਆਨਕ ਸਚਾਈ ਨੂੰ ਦੁਨੀਆ ਅੱਜ ਮੰਨਣ ਲੱਗੀ ਹੈ, ਉਸ ਨੂੰ 'ਆਦਿ ਗੁਰੂ' ਨੇ ਅੱਜ ਤੋਂ ਪੰਜ ਸੌ ਬਾਈ ਵਰ੍ਹੇ ਪਹਿਲਾਂ ਪ੍ਰਗਟ ਕਰ ਦਿੱਤਾ ਸੀ। ਚੌਦ੍ਹਾਂ ਤਬਕ ਮੰਨਣ ਵਾਲਿਆਂ ਦਾ ਨਿਰਣਾ ਕਰਾਉਣ ਲਈ ਪੀਰ ਦੇ ਲੜਕੇ ਨੂੰ ਲੈ ਕੇ—

> ਭਰਿ ਕਚਕੋਲ ਪ੍ਰਸਾਦ ਦਾ, ਧੁਰੋਂ ਪਤਾਲੋਂ ਲਈ ਕੜਾਹੀ ॥
> ਜ਼ਾਹਰ ਕਲਾ ਨ ਛਪੈ ਛਪਾਈ ॥੩੬॥ (ਵਾਰ ੧)

ਅਨੁਸਾਰ ਸਭ ਦਾ ਭਰਮ ਮਿਟਾ ਦਿੱਤਾ ਅਤੇ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦਾ ਸਿਧਾਂਤ ਇੰਨੇ ਸੌਖੇ ਤੇ ਸਰਲ ਢੰਗ ਨਾਲ ਦਰਸਾਇਆ ਕਿ ਦੁਨੀਆ ਚਕ੍ਰਿਤ ਰਹਿ ਗਈ।

ਬਗਦਾਦ ਤੋਂ ਬਾਕੂ ਤਕ ਪੁਜ ਕੇ ਈਰਾਨ ਤੋਂ ਹੁੰਦੇ ਹੋਏ, ਤੁਰਕਿਸਤਾਨ, ਬੁਖ਼ਾਰਾ, ਤਾਸ਼ਕੰਦ, ਯਾਰਕੰਦ ਵਿਚ ਸਤਿਨਾਮ ਦਾ ਛੱਟਾ ਦੇਂਦੇ ਹੋਏ, ਅਫਗ਼ਾਨਿਸਤਾਨ ਵਿਚ ਅਸਕਾਮ ਚਸ਼ਮਿਆਂ ਤੇ ਆ ਪੁਜੇ। ਕਾਬਲ ਤੇ ਕੰਧਾਰ ਵਿਚ ਆਪਣੇ ਖ਼ਾਸ ਅੰਦਾਜ਼ ਨਾਲ 'ਵਲੀਯਾਰ' ਦੇ ਸ਼ੰਕੇ ਦੂਰ ਕੀਤੇ ਤੇ 'ਸ਼ਾਹ ਸ਼ਰਫ' ਨੂੰ ਤਾਰਿਆ।

ਵਾਪਸੀ ਤੇ ਪੰਜਾਬ ਵਿਚ ਹਸਨ ਅਬਦਾਲ ਦੇ 'ਵਲੀ ਕੰਧਾਰੀ' ਦਾ ਕਿਬਰ-ਹੰਕਾਰ ਕਿੰਨੇ ਨਾਟਕੀ ਢੰਗ ਨਾਲ ਤੋੜਿਆ। ਇੰਨੀ ਸਹਿਨਸ਼ੀਲਤਾ, ਨਿੰਮ੍ਰਤਾ, ਟਿਕਾਉ ਤੇ ਸੰਜੀਦਗੀ ਸ਼ਾਇਦ ਹੀ ਸੰਸਾਰ ਦੇ ਕਿਸੇ ਮਹਾਂਪੁਰਖ ਦੇ ਹਿਸੇ ਆਈ ਹੋਵੇ, ਜਿੰਨੀ ਗੁਰੂ ਨਾਨਕ ਦੇਵ ਜੀ ਦੇ। ਇਸ ਦਾ ਸਬੂਤ ਵਲੀ ਕੰਧਾਰੀ ਦੇ ਕਰਮ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਤੀਕਰਮ ਤੋਂ ਚੰਗੀ ਤਰ੍ਹਾਂ ਮਿਲ ਜਾਂਦਾ ਹੈ।

ਅੱਚਲ ਵਟਾਲੇ ਵਿਖੇ ਸਿੱਧਾਂ ਜੋਗੀਆਂ ਦਾ ਕਰਾਮਾਤਾਂ ਦਾ ਹੰਕਾਰ ਤੋੜਿਆ। ਉਥੋਂ ਗੁਰੂ ਜੀ ਮੁਲਤਾਨ ਗਏ, ਜਿਥੇ ਅੱਗੇ ਹੀ ਬਹੁਤ ਫ਼ਕੀਰ ਸਨ। ਉਨ੍ਹਾਂ ਗੁਰੂ ਜੀ ਦਾ ਆਉਣਾ ਆਪਣੇ ਹਿਤਾਂ ਦੇ ਅਨੁਕੂਲ ਨਾ ਸਮਝ ਕੇ ਇਕ ਉਸ਼ਟੰਡ ਰਚਿਆ ਕਿ ਦੁੱਧ ਦਾ ਛੰਨਾ ਭਰ ਕੇ ਭੇਜ ਦਿਤਾ। ਨਾਟਕੀ ਢੰਗ ਦੇ ਪ੍ਰਬੀਨ ਕਲਾਕਾਰ ਗੁਰੂ ਨਾਨਕ ਸਾਹਿਬ ਨੇ ਉਸ ਦੁੱਧ ਉਤੇ ਇਕ ਚੰਬੇਲੀ ਦਾ ਫੁੱਲ ਰੱਖ ਕੇ ਉਨ੍ਹਾਂ ਦੇ ਪ੍ਰਸ਼ਨ ਦਾ ਉੱਤਰ ਦੇ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਝਾਕੀ ਨੂੰ ਇਉਂ ਬਿਆਨ ਕੀਤਾ ਹੈ।

> ਮੇਲਿਓ ਬਾਬਾ ਉਠਿਆ, ਮੁਲਤਾਨੇ ਦੀ ਜਾਰਤਿ ਜਾਈ।
> ਅਗੋਂ ਪੀਰ ਮੁਲਤਾਨ ਦੇ, ਦੁਧਿ ਕਟੋਰਾ ਭਰਿ ਲੈ ਆਈ।
> ਬਾਬੇ ਕਢਿ ਕਰਿ ਬਗਲ ਤੇ, ਚੰਬੇਲੀ ਦੁਧ ਵਿਚਿ ਮਿਲਾਈ।
> ਜਿਉ ਸਾਗਰ ਵਿਚਿ ਗੰਗ ਸਮਾਈ ॥੪੪॥ (ਵਾਰ ੧)

ਵਾਪਸ ਕਰਤਾਰਪੁਰ ਪੁਜੇ। ਭਾਈ ਲਹਿਣਾ ਜੀ ਦਾ ਮੇਲ ਹੋਇਆ ਤਾਂ ਵੀ ਨਾਟਕੀ ਢੰਗ ਨਾਲ ਉਨ੍ਹਾਂ ਨੂੰ ਕਿਹਾ. "ਜੇ ਤੂੰ ਲਹਿਣਾ ਏਂ ਤਾਂ ਸਾਥੋਂ ਲੈ ਲੈ, ਸਾਡੇ ਸਿਰ ਜੋ ਕਰਜ ਹੈ, ਉਹ ਚੁਕਾ ਕੇ ਵਿਹਲੇ ਹੋ ਜਾਈਏ।" ਲਹਿਣਾ ਜੀ ਨੂੰ ਪੂਰੀ ਤਰ੍ਹਾਂ ਨਾਲ ਠੋਕ-ਵਜਾ ਕੇ ਜਦੋਂ ਆਪਣਾ ਪੂਰਨ ਉਤਰਾਧਿਕਾਰੀ ਜਾਣਿਆ ਤਾਂ "ਲਹਿਣੇ ਤੋਂ ਅੰਗਦ" ਬਣਾ ਲਿਆ। ਗੁਰੂ ਨਾਨਕ ਨੇ ਆਪਣੇ ਆਪ ਨੂੰ ਲਹਿਣੇ ਵਿਚ ਅਭੇਦ ਕਰ ਕੇ ਜੋਤ ਜੋਤ ਵਿਚ ਮਿਲਾ ਦਿੱਤੀ।

ਇਸ ਤਰ੍ਹਾਂ ਨਾਲ "ਆਦਿ ਗੁਰੂ" ਨੇ ਆਪਣਾ ਸਾਰਾ ਜੀਵਨ ਥਾਂ ਥਾਂ ਫਿਰ ਕੇ "ਜਗਤ-ਜਲੰਦੇ" ਨੂੰ ਸ਼ਾਂਤੀ ਪ੍ਰਦਾਨ ਕਰਨ ਤੇ ਧਰਤੀ ਦੀ ਲੋਕਾਈ ਨੂੰ ਸੋਧਣ ਵਿਚ ਲਗਾ ਦਿੱਤਾ। ਉਨ੍ਹਾਂ ਦਾ ਪਰਚਾਰ-ਢੰਗ ਬੜਾ ਨਿਰਮਲ, ਰੌਚਿਕ, ਮੌਲਿਕ, ਨਾਟਕੀ ਤੇ ਸਹਾਨਭੂਤੀ ਨਾਲ ਭਰਪੂਰ ਸੀ।

# ਗੁਰੂ ਨਾਨਕ ਦਾ ਪ੍ਰਚਾਰ ਤੇ ਅਸੀਂ ?

[ਪ੍ਰਿੰਸੀਪਲ ਕੁਲਦੀਪ ਸਿਘ ਜੀ ਹਉਰਾਂ]

ਅਸੀਂ ਪੰਜ ਸੌ ਬਾਈ ਸਾਲਾਂ ਤੋਂ ਜੱਸ ਗਾ ਰਹੇ ਹਾਂ ਤੇ ਮਾਣ ਨਾਲ ਆਖਦੇ ਹਾਂ "ਅਸੀਂ ਨਾਨਕ-ਨਾਮ-ਲੇਵਾ ਹਾਂ।" ਉਸ ਨਾਨਕ ਦੇ ਜਿਸ ਨੂੰ "ਨਾਨਕ ਨਿਰੰਕਾਰੀ", 'ਪਰਮ ਮਨੁੱਖ' ਤੇ "ਵਿਸ਼ਵ ਨੂਰ" ਦੇ ਨਾਵਾਂ ਨਾਲ ਭੀ ਅੱਜ ਯਾਦ ਕੀਤਾ ਜਾਂਦਾ ਹੈ।

ਆਓ, ਅੱਜ ਆਪਣੇ ਆਪ ਦਾ ਵਿਸ਼ਲੇਸ਼ਣ ਕਰਕੇ ਵੇਖੀਏ ਕਿ ਜੋ ਕੁਝ ਉਸ ਮਹਾਂ ਪੁਰਸ਼ ਨੇ ਸਾਡੇ ਨਾਲ ਸਾਂਝਾ ਕੀਤਾ, ਕੀ ਅਸੀਂ ਉਸ ਨੂੰ ਅਪਣਾਇਆ ਹੈ ਕਿ ਛੱਡ ਬੈਠੇ ਹਾਂ ?

ਗੁਰੂ ਨਾਨਕ ਸਾਹਿਬ ਜਾਣ ਬੁਝ ਕੇ ਲੋਕ-ਇਕੱਠਾਂ ਵਿਚ ਜਾਂਦੇ ਸਨ, ਤਾਂਕਿ ਜਨਤਾ ਦੇ ਬਹੁਵਰਗ ਨਾਲ ਉਹਨਾਂ ਨੂੰ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲ ਸਕੇ।

ਸੈਦਪੁਰ (ਐਮਨਾਬਾਦ) ਵਿਚ ਉਹਨਾਂ ਲਾਲੋ ਤੇ ਭਾਗੋ ਪਾਤਰਾਂ ਰਾਹੀਂ ਇਕ ਝਾਕੀ ਸਾਡੀ ਦ੍ਰਿਸ਼ਟੀ-ਗੋਚਰ ਕੀਤੀ, ਜਿਸ ਦਾ ਮੂਲ ਮਨੋਰਥ ਕਿਰਤੀਆਂ ਦੀ ਵਡਿਆਈ ਤੇ ਵਿਹਲੜਾਂ ਦੇ ਅਣ-ਕਮਾਏ ਧਨ ਦੀ ਬੁਰਾਈ ਦਸਣਾ ਸੀ, ਜਿਸ ਨੂੰ ਉਹਨਾਂ ਨੇ 'ਦੁੱਧ' ਤੇ 'ਲਹੂ' ਦੇ ਪ੍ਰਤੀਕਾਂ ਰਾਹੀਂ ਉਜਾਗਰ ਕੀਤਾ। ਪਰ ਕੀ ਅੱਜ ਅਸੀਂ ਇਸ ਅੰਤਰ ਨੂੰ ਕੋਈ ਮਹਾਨਤਾ ਦੇ ਰਹੇ ਹਾਂ ? ਜਾਂ ਉਨ੍ਹਾਂ ਦਾ ਨਾਂ ਲੈ ਕੇ ਦੂਸਰੇ ਦੇ ਹੱਕਾਂ ਨੂੰ ਖੋਹ ਰਹੇ ਹਾਂ ? ਤੇ ਫੇਰ ਉਸੇ ਖੋਹਾ ਖੋਹੀ ਵਿਚੋਂ ਗੁਰੂ ਦੇ ਨਾਂ ਤੇ ਦਾਨ ਦੇ ਕੇ ਸੰਤੁਸ਼ਟ ਹੋ ਰਹੇ ਹਾਂ ?

ਹਰਿਦਵਾਰ ਵਿਚ ਉਹਨਾਂ ਇਕ ਹੋਰ ਝਾਕੀ ਰਾਹੀਂ ਲੋਕਾਂ ਦੇ ਇਸ ਵਹਿਮ ਤੋਂ ਪਰਦਾ ਚੁਕਿਆ ਕਿ ਸਾਡੀਆਂ ਭੇਜੀਆਂ ਹੋਈਆਂ ਚੀਜ਼ਾਂ ਪਿੱਤਰਾਂ ਨੂੰ ਨਹੀਂ ਅਪੜਦੀਆਂ। ਪਰ ਅਸੀਂ ਉਸ ਵਹਿਮ ਨੂੰ ਹੁਣ ਉਸੇ ਦਾ ਨਾਮ ਲੈ ਕੇ ਅਪਣਾ ਲਿਆ ਹੈ ਅਸੀਂ ਐਸੇ ਪੜ੍ਹੇ ਲਿਖੇ ਨਾਨਕ-ਨਾਮ-ਲੇਵਾ ਵਿਅਕਤੀ ਤੇ ਧਾਰਮਕ ਸੰਸਥਾਵਾਂ ਵੇਖੀਆਂ ਹਨ ਜੋ ਗੁਰੂ ਨਾਨਕ ਦੇ ਨਾਂ ਤੇ ਸ਼ਰਾਧ ਕਰਦੇ ਤੇ ਹੋਰ ਮਨਮਤਿ ਦੀਆਂ ਗੱਲਾਂ ਕਰਦੇ ਹਨ। ਬ੍ਰਾਹਮਣਾਂ ਨੂੰ ਛਡ ਕੇ ਸਿੱਖ-ਸੰਤਾਂ ਨੂੰ ਸ਼ਰਾਧ ਖੁਆਏ ਜਾਂਦੇ ਹਨ।

ਜਗਨਨਾਥਪੁਰੀ ਵਿਚ ਸਤਿਗੁਰੂ ਨੇ ਪ੍ਰਾਕ੍ਰਿਤਕ ਆਰਤੀ ਦੀ ਮਹਾਨਤਾ ਦਸਦਿਆਂ ਹੋਇਆਂ ਸਾਨੂੰ ਦੀਵਿਆਂ ਵਾਲੀ ਆਰਤੀ ਕਰਨ ਤੋਂ ਵਰਜਿਆ ਸੀ, ਪਰ ਅਸੀਂ ਕਈ ਗੁਰਦੁਆਰਿਆਂ ਵਿਚ ਤੇ ਅਖੰਡਪਾਠਾਂ ਦੇ ਭੋਗ ਉਪਰੰਤ ਉਸੇ ਤਰ੍ਹਾਂ ਥਾਲਾਂ ਵਿਚ ਦੀਵੇ ਜਗਾ ਕੇ ਆਰਤੀ ਕਰਦਿਆਂ, ਕੁੰਭ ਰਖਦਿਆਂ, ਸੰਖ ਪੂਰਦਿਆਂ ਨਾਨਕ-ਨਾਮ-ਲੇਵਾ ਸੰਗਤਾਂ ਨੂੰ ਵੇਖਿਆ ਹੈ।

ਮਥਰਾ ਵਿਚ ਰਾਸ ਦੇ ਪਰਦੇ ਹੇਠ ਅਯਾਸ਼ੀ ਕਰਦੇ ਰਾਸ-ਧਾਰੀਆਂ ਦੇ ਵਿਰੁੱਧ ਗੁਰੂ ਸਾਹਿਬ ਨੇ ਬੜੀ ਕਰੜੀ ਅਵਾਜ਼ ਉਠਾਈ ਸੀ, ਪਰ ਅੱਜ ਉਸੇ ਦੇ ਨਾਮ ਤੇ ਕਈ ਸੰਸਥਾਵਾਂ ਬਣ ਗਈਆਂ ਹਨ, ਜੋ ਨਵੇਂ ਨਵੇਂ ਇਸ਼ਟ ਥਾਪ ਕੇ ਪੂਜਾ ਕਰਾਉਂਦੀਆਂ ਹਨ ਤੇ ਅਯਾਸ਼ੀ ਦੀਆਂ ਕਈ ਉਦਾਹਰਣਾਂ ਵੀ ਵੇਖਣ ਸੁਣਨ ਵਿਚ ਆਈਆਂ ਹਨ।

ਕਾਅਬੇ ਵਿਚ ਜਾ ਕੇ ਭਰਮ ਕੱਟਣ ਵਾਲੇ ਪ੍ਰਚਾਰਕ ਨੇ, ਲਾ-ਮਕਾਨੀ ਰੱਬ ਨੂੰ ਕਾਅਬੇ ਵਿਚ ਹੀ ਕੈਦ ਮੰਨਣ ਵਾਲੇ ਮੁਸਲਮਾਨਾਂ ਨੂੰ ਉਪਦੇਸ਼ ਦੇ ਕੇ ਤਾਂ ਅਸਲੀਅਤ ਉਹਨਾਂ ਉਤੇ ਰੌਸ਼ਨ ਕਰ ਦਿਤੀ ਸੀ, ਪਰ ਅੱਜ ਉਸ ਦੇ ਆਪਣੇ ਸਿੱਖ ਰੱਬ ਨੂੰ ਖ਼ਾਸ ਹੱਦ-ਬੰਦੀ ਵਿਚ ਕੈਦ ਕਰਨ ਵਿਚ ਆਪਣੀ ਵਿਸ਼ੇਸ਼ਤਾ ਦਸਦੇ ਹਨ।

ਮੁਲਤਾਨ ਦੇ ਪੀਰਾਂ ਨੂੰ 'ਨਾਨਕ ਦਰਵੇਸ਼' ਨੇ ਆਪਣੀ ਨਿਮਰਤਾ ਨਾਲ ਹੀ ਮੋਹ ਲਿਆ ਸੀ, ਤੇ ਉਨ੍ਹਾਂ ਦੇ ਰੋਹ ਨੂੰ ਆਪਣੀ ਨਿਮਰਤਾ ਦੇ ਅਨਮੋਲ ਗੁਣ ਨਾਲ ਠੰਡਾ ਕਰ ਦਿੱਤਾ ਸੀ। ਪਰ ਅੱਜ ਸਾਡੇ ਵੱਡੇ ਤੋਂ ਵੱਡੇ ਆਗੂ ਵਿਚ ਇਸ ਗੁਣ ਦਾ ਅਸਲੋਂ ਹੀ ਅਭਾਵ ਹੈ, ਫਿਰ ਵੀ ਅਸੀਂ ਆਪਣੇ ਆਪ ਨੂੰ "ਨਾਨਕ ਗੁਰੂ" ਦੇ ਅਨਿੰਨ ਸਿੱਖ ਅਖਵਾਉਣ ਵਿਚ ਬੜਾ ਗੌਰਵ ਮਹਿਸੂਸ ਕਰਦੇ ਹਾਂ, ਜਦੋਂ ਕਿ ਪਿਛੋਂ ਆ ਕੇ ਵੀ ਸੰਗਤ ਵਿਚ


www.AKJ.Org

ਬੈਠਣ ਲਗਿਆਂ ਵਿਸ਼ੇਸ਼ ਸਥਾਨ ਦੀ ਮੰਗ ਕੀਤੀ ਜਾਂਦੀ ਹੈ ਤੇ ਸਟੇਜ ਤੇ ਹੀ ਬੈਠਣਾ ਆਪਣਾ ਹੱਕ ਸਮਝਿਆ ਜਾਂਦਾ ਹੈ।

ਬਗਦਾਦ ਵਿਚ "ਗੁਰੂ ਨਾਨਕ ਦਰਵੇਸ਼" ਨੂੰ ਸੰਗ-ਸਾਰ ਕਰਨ ਦਾ ਹੁਕਮ ਦਿੱਤਾ ਗਿਆ, ਪਰ ਉਸ ਦੇ ਨੂਰਾਨੀ ਚਿਹਰੇ ਨੂੰ ਦੇਖ ਕੇ ਪੀਰ ਤੇ ਮੁਰੀਦ ਉਸ ਦੇ ਦੀਦਾਰ ਦਾ ਸੁਆਦ ਮਾਣ ਕੇ ਭੁੱਲ ਹੀ ਗਏ ਕਿ ਇਸ ਨੂੰ ਤਾਂ ਅਸਾਂ ਪੱਥਰ ਮਾਰਨੇ ਸਨ। ਗੁਰੂ ਨਾਨਕ ਦੇ ਚਿਹਰੇ ਦਾ ਨੂਰ ਕਿਸੇ ਜਾਦੂ ਦੇ ਅਸਰ ਥਲੇ ਨਹੀਂ ਸੀ ਤੇ ਨਾ ਹੀ ਕਿਸੇ ਮਦ-ਮਸਤੀ ਕਾਰਨ ਸੀ, ਸਗੋਂ ਉਨ੍ਹਾਂ ਦੀ ਨੈਤਿਕਤਾ, ਉਚ ਆਚਰਨ ਅਤੇ ਸੱਚ ਦੇ ਧਾਰਨੀ ਹੋਣ ਕਰਕੇ ਸੀ। ਆਓ, ਆਪਣੀ ਨੈਤਿਕਤਾ ਤੇ ਆਚਰਨ ਦੀ ਪੜਤਾਲ ਕਰੀਏ ਕਿ ਅਸੀਂ ਪਿੜ ਵਿਚ ਕਿਥੇ ਖੜੇ ਹਾਂ?

ਗੁਰੂ ਨਾਨਕ ਨੇ ਤਾਂ ਕੌਡੇ ਬਣ-ਮਾਣਸ ਨੂੰ "ਜ਼ਿੰਦਗੀ ਦਾ ਰਾਣਾ" ਬਣਾ ਦਿੱਤਾ ਸੀ। ਤੇ ਇਸ ਮਨੁੱਖਤਾ ਦੇ ਆਸ਼ਕ ਨੂੰ ਮਿਲ ਕੇ ਨੂਰ ਸ਼ਾਹ ਜਾਦੂਗਰਨੀ ਨੂੰ ਆਪਣਾ ਜਾਦੂ ਭੁਲ ਗਿਆ ਸੀ। ਉਸ ਤਾਂ ਹਮਜ਼ਾ ਗੌਂਸ ਨੂੰ ਸਿਆਲਕੋਟ ਵਿਚ, ਵਲੀ ਕੰਧਾਰੀ ਨੂੰ ਹਸਨ ਅਬਦਾਲ ਵਿਚ ਤੇ ਸਿੱਧਾਂ ਨੂੰ ਸੁਮੇਰ ਪਰਬਤ ਤੇ ਜਾ ਲਭਿਆ ਸੀ ਤੇ ਤੁਲੰਭੇ ਦੀ ਧਰਤੀ ਉਤੇ ਸੱਜਣ ਠੱਗ ਕੋਲ ਜਾ "ਸਤਿ ਕਰਤਾਰ" ਆਖਿਆ ਸੀ ਅਤੇ ਪਿਆਰ ਤੇ ਦਲੀਲ ਨਾਲ ਆਪਣਾ ਪੱਖ ਸਮਝਾਇਆ ਸੀ। ਕੀ ਅੱਜ ਸਾਡੇ ਵਿਚ ਸਮਰੱਥਾ ਹੈ ਲੋਕ-ਭਲਾਈ ਲਈ ਚਲ ਕੇ ਕਿਸੇ ਪਾਸ ਜਾਣ ਦੀ, ਤੇ ਦਿਲ ਦੀ ਸਾਰੀ ਹਮਦਰਦੀ ਨਾਲ ਕਿਸੇ ਦੇ ਕਿਬਰ-ਹੰਕਾਰ ਦੀ ਕੁੜੱਤਣ ਚੂਸਣ ਦੀ?

ਉਸ ਤਾਂ ਬਚਪਨ ਵਿਚ ਹੀ ਅਖੌਤੀ ਜਨੇਊ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਸੀ, ਪਰ ਅਸੀਂ ਅੱਜ ਬਾਹਰਲੇ ਚਿੰਨ੍ਹਾਂ ਵਿਚ ਹੀ ਖਚਤ ਹੋ ਕੇ ਰਹਿ ਗਏ ਹਾਂ ਤੇ ਕੇਵਲ ਬਹੁ-ਰੂਪੀਆ-ਪਣ ਹੀ ਵਿਖਾ ਰਹੇ ਹਾਂ।

ਗੁਰੂ ਸਾਹਿਬ ਨੇ ਬੁੱਤ-ਪੂਜਾ ਦੇ ਵਿਰੁੱਧ ਜ਼ੋਰਦਾਰ ਮਤ ਪੇਸ਼ ਕੀਤਾ, ਪਰ ਸਾਡੇ ਗੁਰਦੁਆਰਿਆਂ ਤੇ ਘਰਾਂ ਵਿਚ ਲੱਗੀਆਂ ਫੋਟੋਆਂ ਤੇ ਕੈਲੰਡਰਾਂ ਅਗੇ ਅਸੀਂ ਮੱਥਾ ਟੇਕਦੇ ਹਾਂ, ਧੂਪ ਧੁਖਾਂਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਤਾਂ ਮਹੰਤਾਂ ਦੇ ਚਰਨ ਛੂੰਹਦੇ ਹਾਂ। ਕੀ ਇਹ ਗੁਰੂ ਨਾਨਕ ਦੀ ਸਿਖਿਆ ਦੇ ਅਨੁਕੂਲ ਹੈ?

ਉਸ ਵਿਸ਼ਾਲ ਹਿਰਦੇ ਵਾਲੇ ਮਹਾਨ ਵਿਅਕਤੀ ਦਾ ਪ੍ਰਕਾਸ਼-ਦਿਵਸ ਅਸੀਂ ਹਰ ਸਾਲ ਮਨਾਂਦੇ ਹਾਂ। ਲੱਖਾਂ ਰੁਪਏ ਤੇ ਕਰੋੜਾਂ ਦੀ ਸ਼ਰਧਾ ਇਨ੍ਹਾਂ ਅਵਸਰਾਂ ਤੇ ਖਰਚ ਕਰਦੇ ਹਾਂ।

ਆਓ, ਭਲਾ ਇਸ ਸਾਲ ਆਪਣੀ ਆਪਣੀ ਥਾਂ ਸਵੈ-ਵਿਸ਼ਲੇਸ਼ਣ ਕਰਕੇ ਵੇਖੀਏ ਕਿ ਅਸੀਂ ਗੁਰੂ ਨਾਨਕ ਦੇ ਨਾਮ-ਲੇਵਾ ਉਸ ਦੇ ਦਸੇ ਰਾਹ ਨੂੰ ਕਿਤਨਾ ਕੁ ਅਪਣਾਅ ਰਹੇ ਹਾਂ। ਜੇ ਗੁਰੂ ਨਾਨਕ ਪਾਤਸ਼ਾਹ ਦਾ ਦਸਿਆ ਰਾਹ ਨਹੀਂ ਅਪਣਾਉਂਦੇ ਤਾਂ ਫਿਰ ਸਾਡੀ ਦਸ਼ਾ ਉਨ੍ਹਾਂ ਦੋਹਾਗਣਾਂ ਵਰਗੀ ਹੈ, ਜਿਨ੍ਹਾਂ ਬਾਰੇ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ—

ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ, ਸਭੁ ਬਾਦਿ ਸੀਗਾਰ ਫੋਕਟ ਫੋਕਟਈਆ ॥
ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ ਲੀਓ ਸੁਹਾਗਨਿ, ਥੂਕ ਮੁਖਿ ਪਈਆ ॥੭॥੮॥ (੮੩੬)

---

# ਭਾਈ ਸਾਹਿਬ ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਪ੍ਰੀਖਿਆ ਦੇ ਸਕਦੇ ਹਨ। ਪ੍ਰੀਖਿਆ ਦੇਣ ਵਾਲਾ ਜੁੜਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ੩੦ ਪੰਨੇ ਪ੍ਰਤੀ ਘੰਟਾ ਪਾਠ ਕਰਨ ਦੀ ਯੋਗਤਾ ਰਖਦਾ ਹੋਵੇ, ਪਰ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ।

ਪ੍ਰੀਖਿਆ ਆਉਂਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਉਤਸਵ ਦੇ ਲੁਧਿਆਣਾ ਵਿਖੇ ਹੋਣ ਵਾਲੇ ਸਮਾਗਮ ਸਮੇਂ ਹੋਵੇਗੀ। ਲੁੜੀਂਦੇ ਫ਼ਾਰਮ 'ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ', ੨੩-ਜੀ ਸਰਾਭਾ ਨਗਰ, ਲੁਧਿਆਣੇ ਤੋਂ ਮੰਗਵਾ ਕੇ ਠੀਕ ਢੰਗ ਨਾਲ ਭਰ ਕੇ, ਉਪਰਲੇ ਲੁਧਿਆਣੇ ਦੇ ਪਤੇ ਤੇ ਹੀ ੨੪ ਦਸੰਬਰ ੧੯੯੧ ਤਕ ਭੇਜ ਦਿਤੇ ਜਾਣ। ਖਾਲਸਾ ਜੀ ਦਾ ਸੇਵਕ—ਜਥੇਦਾਰ, ਅਖੰਡ ਕੀਰਤਨੀ ਜਥਾ


www.AKJ.Org

# ਗੁਰੂ ਨਾਨਕ ਦੇਵ ਜੀ ਦਾ ਅਗਮਾਨ

[ਭਾਈ ਨਰੈਣ ਸਿੰਘ ਜੀ ਐਮ.ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਗੁਰੂ ਜੀ ਦਾ ਆਗਮਨ ਸੰਸਾਰ ਦੇ ਭੁੱਲੇ ਭਟਕੇ ਅਤੇ ਕੁਰਾਹੇ ਪੈ ਚੁਕੇ ਲੋਕਾਂ ਲਈ ਇਕ ਰੋਸ਼ਨ-ਮੁਨਾਰਾ ਸੀ, ਜਿਸ ਦੇ ਚਾਨਣੇ ਨੇ ਉਨ੍ਹਾਂ ਨੂੰ ਆਪਾ ਪਛਾਨਣ ਅਤੇ ਸਰਬ-ਸਾਂਝੇ ਇਕੋ-ਇਕ ਨਿਰੰਕਾਰ ਦੇ ਮਾਰਗ-ਦਰਸ਼ਨ ਦੀ ਸੂਝ ਬਖਸ਼ੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।੨੭। (ਵਾਰ ੧)

ਉਸ ਸਮੇਂ ਆਪੂੰ ਬਣੇ ਬਨਾਉਟੀ ਗੁਰੂਆਂ ਨੇ ਲੋਕਾਂ ਨੂੰ ਭਰਮ-ਭੁਲੇਖੇ ਪਾਏ ਹੋਏ ਸਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕੁਝ ਸੁਝ ਨਹੀਂ ਸੀ ਆਉਂਦਾ ਅਤੇ ਉਨ੍ਹਾਂ ਦੇ ਮਨਾਂ ਉਪਰ ਧੁੰਧ ਜਿਹੀ ਛਾਈ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸੱਚ ਦੇ ਰਸਤੇ ਪਾ ਕੇ ਉਨ੍ਹਾਂ ਦੇ ਭਰਮ-ਭੁਲੇਖੇ ਦੂਰ ਕਰ ਦਿੱਤੇ ਅਤੇ ਉਨ੍ਹਾਂ ਦੇ ਅੰਦਰ ਜਾਗ ਪਏ ਤਾਂ ਜਿਵੇਂ ਸੂਰਜ ਚੜ੍ਹਨ ਅਤੇ ਦਿਨ ਹੋ ਜਾਣ ਤੇ ਰਾਤ ਦਾ ਹਨੇਰਾ ਉਡ ਜਾਂਦਾ ਅਤੇ ਤਾਰੇ ਵੀ ਦਿਸਣੋਂ ਰਹਿ ਜਾਂਦੇ ਹਨ, ਇਉਂ ਗੁਰੂ ਜੀ ਦੇ ਪ੍ਰਗਟ ਹੋ ਜਾਣ ਤੇ ਭਰਮ-ਭੁਲੇਖੇ ਪਾਉਣ ਵਾਲੇ ਬਨਾਉਟੀ ਗੁਰੂ ਆਪਣੀਆਂ ਸਫ਼ਾਂ ਵਲ੍ਹੇਟ ਗਏ ਅਤੇ ਭਰਮਾਂ ਵਾਲਾ ਅੰਧੇਰਾ ਵੀ ਮਿਟ ਗਿਆ।

ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਓਦੋਂ ਕੁਝ ਇਸ ਕਿਸਮ ਦੀ ਲੋਕ-ਦਸ਼ਾ ਵਾਪਰ ਰਹੀ ਸੀ—

ਉਸ ਸਮੇਂ ਹਿੰਦੁਸਤਾਨ ਤੇ ਰਾਜ ਲੋਧੀ ਖ਼ਾਨਦਾਨ ਦੇ ਪਠਾਣ ਬਾਦਸ਼ਾਹਾਂ ਦਾ ਸੀ ਅਤੇ ਦੇਸ਼ ਭਰ ਦੀ ਵਸੋਂ ਮੁਖ ਤੌਰ ਤੇ ਦੋ ਕੌਮਾਂ (ਹਿੰਦੂ ਅਤੇ ਮੁਸਲਮਾਨ) ਦੀ ਸੀ। ਇਨ੍ਹਾਂ ਦੋਹਾਂ ਦੇ ਧਰਮ-ਵਿਸ਼ਵਾਸ ਤੇ ਰਹਿਣੀ ਬਹਿਣੀ ਇਕ ਦੂਜੇ ਤੋਂ ਵੱਖਰੇ ਸਨ, ਜਿਸ ਕਰਕੇ ਇਨ੍ਹਾਂ ਦਾ ਆਪੋ ਵਿਚ ਮਿਲਵਰਤਣ ਬਹੁਤ ਘਟ ਸੀ, ਬਲਕਿ ਹਿੰਦੂ ਮੁਸਲਮਾਨ ਨੂੰ ਮਲੇਛ ਅਤੇ ਮੁਸਲਮਾਨ ਹਿੰਦੂ ਨੂੰ ਕਾਫ਼ਰ ਕਹਿੰਦੇ ਅਤੇ ਅਕਸਰ ਇਕ ਦੂਜੇ ਦੀ ਭਿਟ ਮੰਨਦੇ ਸਨ।

ਇਸ ਤੋਂ ਇਲਾਵਾ ਹਿੰਦੂ ਆਪੋ ਵਿਚ ਵੀ ਚਾਰ ਸ਼੍ਰੇਣੀਆਂ—ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸੂਦਰ—ਵਿਚ ਵੰਡੇ ਹੋਏ ਸਨ। ਬ੍ਰਾਹਮਣ ਜਾਤੀ, ਜੋ ਹੋਰ ਸਾਰੀਆਂ ਜਾਤੀਆਂ ਤੋਂ ਉਚੀ ਤੇ ਸ੍ਰੇਸ਼ਟ ਮੰਨੀ ਗਈ ਸੀ, ਦਾ ਕੰਮ ਧਰਮ-ਪੁਸਤਕ ਵੇਦ ਆਦਿ ਪੜ੍ਹਨਾ ਪੜ੍ਹਾਉਣਾ ਸੀ, ਬਾਕੀ ਜਾਤੀਆਂ ਖ਼ਾਸ ਕਰ ਸੂਦਰ ਜਾਤੀ ਦੇ ਲੋਕਾਂ ਲਈ ਵੇਦ-ਬਾਣੀ ਪੜ੍ਹਨਾ ਜਾ ਸੁਨਣਾ ਵਰਜਤ ਸੀ ਅਤੇ ਉਨ੍ਹਾਂ ਦੇ ਅਜਿਹਾ ਕਰ ਲੈਣ ਤੇ ਉਨ੍ਹਾਂ ਦੀ ਜੀਭ ਕਟ ਦੇਣ ਜਾਂ ਸਿੱਕਾ ਢਾਲ ਕੇ ਕੰਨਾਂ ਵਿਚ ਪਾ ਦੇਣ ਜਿਹੀਆਂ ਕਰੜੀਆਂ ਸਜ਼ਾਵਾਂ ਨੀਯਤ ਸਨ। ਸੂਦਰ ਨੂੰ ਮੰਦਰ ਜਾਂ ਠਾਕਰ-ਦੁਆਰੇ ਜਾਣ ਦੀ ਆਗਿਆ ਨਹੀਂ ਸੀ। ਸੂਦਰ ਦਾ ਭਿਟਿਆ ਰੋਟੀ ਪਾਣੀ ਬ੍ਰਾਹਮਣ ਨਹੀਂ ਸੀ ਖਾਂਦਾ ਪੀਂਦਾ। ਇਸਤ੍ਰੀ ਭਾਵੇਂ ਕਿਸੇ ਜਾਤੀ ਦੀ ਹੋਵੇ, ਉਸ ਦਾ ਭੀ ਸੂਦਰ ਵਾਂਗ ਮੰਦਰ ਜਾਣਾ ਜਾਂ ਪੂਜਾ ਪ੍ਰਤਿਸ਼ਟਾ ਕਰਨਾ ਮਨ੍ਹਾ ਸੀ।

ਮੁਸਲਮਾਨਾਂ ਵਿਚ ਵੀ ਇਸਤ੍ਰੀ ਨੂੰ ਕਿਸੇ ਤਰ੍ਹਾਂ ਦੀ ਮਜ਼੍ਹਬੀ ਅਥਵਾ ਮੁਸਲਮਾਨੀ ਰਹੁ ਰੀਤ—ਨਿਮਾਜ ਆਦਿ ਪੜ੍ਹਨ ਪੜ੍ਹਾਉਣ ਦੀ ਆਗਿਆ ਨਹੀਂ ਸੀ। ਇਉਂ ਦੇਸ਼ ਦਾ ਸਾਰਾ ਸਮਾਜ (ਨਰ ਨਾਰੀਆਂ) ਆਪੋ ਵਿਚ ਵੰਡਿਆ ਹੋਇਆ ਅਤੇ ਉਨ੍ਹਾਂ ਦਾ ਇਕ ਦੂਜੇ ਨਾਲ ਵਰਤਾਉ ਵਿਤਕਰਿਆ ਭਰਿਆ ਸੀ।

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਮੋਦੀ ਬਣ ਕੇ ਹੱਟ ਚਲਾਂਦਿਆਂ ਨਿਤ ਅੰਮ੍ਰਿਤ ਵਲੇ ਵੇਈਂ ਨਦੀ ਤੇ ਇਸ਼ਨਾਨ ਕਰਨ ਜਾਂਦੇ ਅਤੇ ਇਕ ਦਿਨ ਇਸ਼ਨਾਨ ਕਰਨ ਗਏ ਤਿੰਨ ਦਿਨ ਅਲੋਪ ਰਹਿ ਕੇ ਨਦੀ ਤੋਂ ਬਾਹਰ ਨਿਕਲੇ ਤਾਂ ਉਨ੍ਹਾਂ ਦੇ ਮਿੱਠੇ ਬੋਲ ਇਹੋ ਸਨ— 'ਨ ਕੋਈ ਹਿੰਦੂ ਨ ਮੁਸਲਮਾਨ'



www.AKJ.Org

ਗੁਰੂ ਨਾਨਕ ਦੇ ਵਾਰ ਵਾਰ 'ਨ ਕੋਈ ਹਿੰਦੂ ਨ ਮੁਸਲਮਾਨ' ਕਹਿਣ ਤੇ ਸਭ ਲੋਕ—ਹਿੰਦੂ ਮੁਸਲਮਾਨ ਉਨ੍ਹਾਂ ਦੇ ਦੁਆਲੇ ਇਕੱਠੇ ਹੋਏ। ਉਨ੍ਹਾਂ ਨੂੰ ਪੁਛਣ ਕਿ ਤੁਸੀਂ ਇਉਂ ਕਿਉਂ ਕਹਿੰਦੇ ਹੋ ਤਾਂ ਉਨ੍ਹਾਂ ਕਿਹਾ, ਸਾਰੇ ਮਨੁਖ ਇਸਤ੍ਰੀ ਇਕੋ ਕਰਤਾਰ ਵਲੋਂ ਸੰਸਾਰ ਤੇ ਭੇਜੇ ਗਏ ਹੋਏ ਤੇ ਇਕ-ਸਮਾਨ ਹਨ। ਕਰਤਾਰ ਨੇ ਕਿਸੇ ਦੇ ਮੱਥੇ ਹਿੰਦੂ ਅਤੇ ਕਿਸੇ ਦੇ ਮੁਸਲਮਾਨ ਲਿਖ ਕੇ ਨਹੀਂ ਭੇਜਿਆ, ਨ ਕਿਸੇ ਦਾ ਬ੍ਰਾਹਮਣ ਤੇ ਨ ਸੂਦਰ ਹੋਣਾ ਮਿਥਿਆ ਹੈ। ਇਹ ਵੰਡਾਂ ਤੇ ਵਿਤਕਰੇ ਮਨੁੱਖਾਂ ਦੇ ਆਪਣੇ ਪਾਏ ਹੋਏ ਹਨ। ਮਰਨ ਪਿਛੋਂ ਰੱਬ ਦੀ ਦਰਗਾਹ ਵਿਚ ਹਿੰਦੂ ਜਾਂ ਮੁਸਲਮਾਨ ਅਤੇ ਬ੍ਰਾਹਮਣ ਜਾਂ ਸੂਦਰ ਹੋਣ ਦੇ ਨਾਤੇ ਨਾ ਕਿਸੇ ਨੂੰ ਸਤਿਕਾਰਿਆ ਜਾਵੇਗਾ, ਨਾ ਦੁਰਕਾਰਿਆ ਜਾਵੇਗਾ। ਉਥੇ ਤਾਂ ਜੀਵਨ ਭਰ ਕੀਤੇ ਅਮਲਾਂ ਤੇ ਨਿਬੇੜੇ ਹੋਣਗੇ। ਅਤੇ ਜਿਸ ਕਿਸੇ ਨੇ ਏਥੇ ਕਿਸੇ ਨਾਲ ਹਿੰਦੂ ਮੁਸਲਮਾਨ ਜਾਂ ਸੂਦਰ ਹੋਣ ਦੇ ਨਾਤੇ ਵਿਤਕਰਾ ਕੀਤਾ ਅਤੇ ਇਸ ਪਿਛੇ ਕਿਸੇ ਨੂੰ ਮੰਦਾ ਜਾਂ ਚੰਗਾ ਜਾਣਿਆ ਹੋਵੇਗਾ, ਉਸ ਨੂੰ ਨਾ ਏਥੇ ਨਾ ਉਥੇ ਢੋਈ ਮਿਲੇਗੀ।

ਇਕ ਹੋਰ ਭੁਲੇਖਾ ਜੋ ਹਿੰਦੂ ਮੁਸਲਮਾਨਾਂ ਦੋਹਾਂ ਨੂੰ ਪਿਆ ਹੋਇਆ ਸੀ, ਉਹ ਉਨ੍ਹਾਂ ਦੇ ਧਰਮ-ਵਿਸ਼ਵਾਸ ਦਾ ਸੀ, ਜਿਸ ਨੇ ਉਨ੍ਹਾਂ ਨੂੰ ਅਨੇਕ ਧੜਿਆਂ ਅੰਦਰ ਵੰਡਿਆ ਹੋਇਆ ਸੀ। ਹਿੰਦੂ ਦੇ ਤਾਂ ਕਿਤਨੇ ਹੀ ਦੇਵੀ ਦੇਵਤੇ ਸਨ, ਜਿਨ੍ਹਾਂ ਵਿਚੋਂ ਕੋਈ ਕਿਸੇ ਦੇਵੀ ਜਾਂ ਦੇਵਤੇ ਦੀ, ਉਸ ਦਾ ਬੁੱਤ ਬਣਾ ਕੇ ਪੂਜਾ ਕਰਦਾ ਸੀ ਅਤੇ ਕੋਈ ਕਿਸੇ ਹੋਰ ਦੀ। ਹਰ ਕੋਈ ਆਪਣੇ ਪੂਜਯ ਨੂੰ ਹੀ ਸ਼੍ਰੋਮਣੀ ਸਮਝਦਾ ਅਤੇ ਦੂਜੇ ਨੂੰ ਹੀਣਾ ਜਾਣਦਾ ਸੀ, ਜਿਸ ਪਿਛੇ ਉਨ੍ਹਾਂ ਸਾਰਿਆਂ ਦਾ ਆਪੋ ਵਿਚ ਧਰਮ-ਵਿਰੋਧ ਹੋਣ ਕਰਕੇ ਉਹ ਵੰਡੇ ਗਏ ਹੋਏ ਸਨ। ਮੁਸਲਮਾਨ ਭਾਵੇਂ ਇਕ ਖ਼ੁਦਾ ਨੂੰ ਮੰਨਦੇ ਸਨ, ਪਰ ਉਨ੍ਹਾਂ ਦਾ ਖ਼ੁਦਾ ਕੇਵਲ ਮੁਸਲਮਾਨਾਂ ਦਾ ਹੀ ਖ਼ੁਦਾ ਸੀ, ਕਿਉਂਕਿ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਉਹ ਖ਼ੁਦਾ ਕੇਵਲ ਉਨ੍ਹਾਂ ਮਨੁੱਖਾਂ ਨੂੰ ਨਜਾਤ ਅਥਵਾ ਬਹਿਸ਼ਤ ਅੰਦਰ ਥਾਂ ਦੇਂਦਾ ਸੀ ਜਿਨ੍ਹਾਂ ਦੀ ਸਫ਼ਾਰਤ ਉਨ੍ਹਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਭਰਨ, ਹੋਰ ਦੂਜੇ ਸਾਰੇ ਦੋਜ਼ਖ਼ ਦੇ ਭਾਗੀ ਹੁੰਦੇ ਸਨ। ਇਸ ਅਨੁਸਾਰ ਉਨ੍ਹਾਂ ਦਾ ਖ਼ੁਦਾ ਸਾਰੇ ਆਲਮ (ਸੰਸਾਰ) ਦਾ ਸਾਂਵਾਂ ਤੇ ਵਾਹਿਦ (ਇਕ ਇਕੱਲਾ) ਪਾਲਕ ਤੇ ਖ਼ਾਲਕ ਨਹੀਂ ਸੀ, ਸਗੋਂ ਕੇਵਲ ਮੁਸਲਮਾਨ ਦਾ ਹੋਣ ਕਰਕੇ ਪੱਖਪਾਤੀ ਸੀ ਅਤੇ ਇਉਂ ਦੂਜੀ ਸਾਰੀ ਖ਼ਲਕਤ ਉਨ੍ਹਾਂ ਦੇ ਖ਼ੁਦਾ ਦੀ ਖ਼ੁਦਾਈ ਤੋਂ ਮਹਿਰੂਮ ਰਹਿ ਜਾਂਦੀ (ਵਾਂਜੀ ਜਾਂਦੀ) ਸੀ।

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੋਹਾਂ—ਹਿੰਦੂ ਦੀ ਬਹੁ-ਦੇਵ ਪੂਜਾ ਅਤੇ ਮੁਸਲਮਾਨ ਦੇ ਖ਼ੁਦਾ ਦੇ ਪੱਖਪਾਤੀ ਹੋਣ ਦੇ ਵਿਸ਼ਵਾਸਾਂ ਦਾ ਖੰਡਨ ਕਰਦੇ ਹੋਏ ਕਿਹਾ :

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ਰਹਾਉ॥ ਆਸਾ ਮ: ੧, ਪੰਨਾ ੩੫੦

ਅਤੇ—ਏਕੁ ਪਿਤਾ ਏਕਸ ਕੇ ਹਮ ਬਾਰਿਕ ॥ (ਸੋਰਠਿ ਮ: ੫ ਘਰੁ ੨, ਪੰਨਾ ੬੧੧)

ਬਲਕਿ ਇਉਂ ਭੀ ਕਿਹਾ ਕਿ ਉਹ ਕੇਵਲ ਸਾਡਾ ਅਥਵਾ ਮਨੁੱਖਾਂ ਦਾ ਹੀ ਪਿਤਾ ਅਤੇ ਪਾਲਕ ਜਾਂ ਰਾਜ਼ਕ ਨਹੀਂ, ਸਗੋਂ ਸਾਰੇ ਜੀਵਾਂ ਜੰਤਾਂ ਨੂੰ ਹੀ ਪਾਲਦਾ ਪੋਸਦਾ ਤੇ ਸਭ ਦੀ ਸਾਰ ਲੈਂਦਾ ਹੈ'ਸਭਨਾ ਜੀਆ ਕਾ ਇਕੁ ਦਾਤਾ[ਜਪੁਜੀ

ਫਿਰ ਲੋਕਾਂ ਨੂੰ ਇਹ ਨਿਸਚੇ ਕਰਾਉਣ ਲਈ ਕਿ ਉਹ ਇਕ ਇਕੱਲਾ (ਵਾਹਿਦ) ਖ਼ੁਦਾ ਜਾਂ ਪਰਮੇਸ਼ਰ ਏਨੇ ਵਿਸ਼ਾਲ ਜੀਅ ਜੰਤ ਦੀ ਸਾਰ ਕਿਵੇਂ ਲੈਂਦਾ ਹੈ, ਗੁਰੂ ਜੀ ਨੇ ਦਸਿਆ ਕਿ—

ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥੩੨॥ (ਜਪੁਜੀ)

ਅਰਥਾਤ, ਉਸ ਇਕੋ ਇਕ ਸਭ ਦੇ ਸਾਂਝੇ ਪਿਤਾ ਦਾ ਆਸਣੁ (ਟਿਕਾਣਾ) ਸਾਰੀ ਰਚਨਾ ਅੰਦਰ ਹਰ ਜਗ੍ਹਾ ਹੈ ਅਤੇ ਉਸ ਦੇ ਭੰਡਾਰੇ (ਸਟੋਰ) ਵੀ ਹਰ ਥਾਂ ਹਨ, ਜੋ ਉਸ ਨੇ ਇਕਸੇ ਵਾਰ ਐਸੇ ਭਰ ਰਖੇ ਹੋਏ ਹਨ ਕਿ ਕਦੀ ਖ਼ਾਲੀ ਨਹੀਂ ਹੁੰਦੇ। ਇਸ ਤੋਂ ਹੋਰ ਵੱਡੀ ਉਸ ਦੀ ਖ਼ੂਬੀ (ਚੰਗਿਆਈ) ਇਸ ਗੱਲ ਦੀ ਹੈ ਕਿ ਉਹ ਜਿਸ ਨੇ ਇਹ ਸਾਰਾ ਕੁਝ ਸਿਰਜਿਆ ਹੈ, ਉਹ ਹਰ ਸਮੇਂ ਇਸ ਦੀ ਵੇਖ ਭਾਲ (ਨਿਗਰਾਨੀ) ਵੀ ਕਰਦਾ ਤੇ ਵੇਖਦਾ ਰਹਿੰਦਾ


www.AKJ.Org

ਹੈ ਕਿ ਕਿਧਰੇ ਕਿਸੇ ਗੱਲ ਦੀ ਤੋਟ ਤਾਂ ਨਹੀਂ ਆਈ। ਇਸ ਵਿਚਾਰ ਤੋਂ ਕਿੰਨਾ ਵਿਸਮਾਦ (*wonderful*) ਪ੍ਰਤੀਤ ਹੁੰਦੇ ਹਨ ਉਸ ਦਾ ਇਹ ਸਾਰਾ ਸਿਲਸਿਲਾ ਅਤੇ ਉਸ ਦੀ ਆਪਣੀ ਹੋਂਦ ! ਏਨੀ ਵਡੀ ਸਮਰੱਥ ਹੋਂਦ ਨੂੰ ਭੁੱਲ ਜਾਣਾ ਅਤੇ ਉਸ ਦੇ ਬਣਾਏ ਹਕੀਰ ਜਿਹੇ ਦੇਵੀ ਦੇਵਤਿਆਂ ਨੂੰ ਪੂਜਣਾ ਤਾਂ ਇਉਂ ਹੀ ਹੈ ਜਿਵੇਂ ਕੋਈ ਘਰ ਦੇ ਮਾਲਕ ਨੂੰ ਛਡ ਕੇ ਉਸ ਦੀ ਗੋਲੀ ਬਾਂਦੀ ਦੇ ਪੈਰੀਂ ਪਵੇ।

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥੭॥੧੮॥ (ਗਉੜੀ ਮ: ੧, ਪੰਨਾ ੨੨੯)

ਏਨੀ ਮਹਾਨ ਹਸਤੀ ਨੂੰ, ਜੋ ਵਡੇ ਛੋਟੇ ਜੀਵਾਂ ਜੰਤਾਂ ਸਭ ਦੀ ਸਿਰਜਨਾ ਕਰਦਾ ਤੇ ਸਾਰਿਆਂ ਨੂੰ ਪਾਲਦਾ ਪੋਸਦਾ ਹੈ, ਉਸ ਨੂੰ ਕੇਵਲ ਮੁਸਲਮਾਨਾਂ ਦਾ ਹੀ ਖ਼ੁਦਾ ਕਹਿਣਾ ਵੀ ਉਸ ਦੀ ਵਡਿਆਈ ਨੂੰ ਛੁਟਿਆਉਣ ਅਥਵਾ ਇਕ ਬਾਦਸ਼ਾਹ ਨੂੰ ਮੀਆਂ ਕਹਿਣ ਦੇ ਤੁੱਲ ਹੈ—

ਤੂ ਸੁਲਤਾਨੁ ਕਹਾ ਹਉ ਮੀਆਂ ਤੇਰੀ ਕਵਨ ਵਡਾਈ ॥' (ਬਿਲਾਵਲੁ ਮ: ੧–੭੯੫)

ਇਸ ਵਿਚਾਰ ਤੋਂ ਗੁਰੂ ਨਾਨਕ ਜੀ ਬਾਰੇ ਅਸੀਂ ਨਿਸਚੇ ਤੌਰ ਤੇ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਸਾਰੀ ਸੋਚ (*thinking*) ਏਕੇ ਦੁਆਲੇ ਘੁੰਮਦੀ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੀ ਲੋਕਾਈ, ਭਾਵੇਂ ਉਹ ਕਿਸੇ ਦੇਸ ਵਸਦੇ, ਕੋਈ ਵਿਹਾਰ ਕਰਦੇ ਜਾਂ ਕੋਈ ਬੋਲੀ ਬੋਲਦੇ ਹਨ, ਇਕ ਸੀ। ਆਪਣੇ ਅਸਲੇ ਵਿਚ ਕੋਈ ਵੱਡਾ ਜਾਂ ਛੋਟਾ, ਉਚ ਜਾਂ ਨੀਚ, ਮੰਦਾ ਜਾਂ ਚੰਗਾ ਨਹੀਂ ਸੀ। ਗੁਰੂ ਜੀ ਦੇ ਖ਼ਿਆਲ ਅਨੁਸਾਰ ਹਰ ਦਿਸਦੇ ਅਣਦਿਸਦੇ ਸਰੀਰ ਅੰਦਰ ਸਿਰਜਨਹਾਰ ਨਿਰੰਕਾਰ ਨੇ ਆਪਣੀ ਜੋਤਿ ਰਖੀ ਹੋਈ ਹੈ—

ਸਭ ਮਹਿ ਜੋਤਿ ਜੋਤਿ ਹੈ ਸੋਇ ॥ (ਸੋਹਿਲਾ, ਪੰਨਾ ੧੩)

ਅਤੇ—ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥ (੮੮੨)

ਤਾਂ ਕਿਸੇ ਨੂੰ ਉਚ ਤੇ ਕਿਸੇ ਨੂੰ ਨੀਚ ਜਾਨਣਾ ਠੀਕ ਨਹੀਂ। ਚੰਗੇ ਜਾਂ ਮੰਦੇ ਕੰਮਾਂ ਕਰਕੇ ਹੀ ਮਨੁੱਖ ਉਚ ਜਾਂ ਨੀਚ ਜਾਣਿਆ ਜਾ ਸਕਦਾ ਹੈ। ਰੱਬ ਦਾ ਨਿਆਂ ਮਨੁੱਖ ਦੇ ਕੀਤੇ ਕੰਮਾਂ ਤੇ ਆਧਾਰਤ ਹੁੰਦਾ ਹੈ—

ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥੩੪॥ (ਜਪੁਜੀ)

ਅਜਿਹੇ ਵਿਚਾਰ ਸਨ, ਜਿਨ੍ਹਾਂ ਦੇ ਅਧਾਰ ਤੇ ਗੁਰੂ ਜੀ ਨੇ ਹਿੰਦੂ ਮੁਸਲਮਾਨ ਦੋਹਾਂ ਬਾਰੇ ਇਕ-ਸਾਰ ਪੜਚੋਲ ਕੀਤੀ ਅਤੇ ਆਪਣੇ ਵਿਚਾਰ ਦੂਰ ਦੁਰਾਡੀਆਂ ਥਾਈਂ, ਔਖੇ ਤੇ ਬਿਖੜੇ ਪੈਂਡੇ ਕਟ ਕਟ ਕੇ ਪਹੁੰਚਾਏ। ਲੋਕਾਂ ਨੂੰ ਇਹ ਦ੍ਰਿੜ੍ਹ ਕਰਾਉਣ ਲਈ ਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਨ ਮੁਸਲਮਾਨ ਮਾੜੇ ਸਨ ਤੇ ਨ ਹਿੰਦੂ, ਅਤੇ ਬਾਵਜੂਦ ਇਸ ਗੱਲ ਦੇ ਕਿ ਉਹ ਆਪ ਹਿੰਦੂਆਂ ਦੀ ਇਕ ਉਚੀ ਬੇਦੀ ਖਤਰੀ ਕੁਲ ਦੇ ਜੰਮ-ਪਲ ਸਨ, ਗੁਰੂ ਜੀ ਨੇ ਮੁਸਲਮਾਨ ਮਿਰਾਸੀ ਜਾਤ (ਜੋ ਮੁਸਲਮਾਨਾਂ ਵਿਚ ਵੀ ਨੀਚ ਗਿਣੀ ਜਾਂਦੀ ਸੀ) ਦੇ ਇਕ ਮਨੁੱਖ ਮਰਦਾਨੇ ਨੂੰ ਆਪਣਾ ਜੀਵਨ-ਸਾਥੀ ਬਣਾਇਆ, ਜੋ ਆਪਣੇ ਦਿਹਾਂਤ ਤਕ ਗੁਰੂ ਜੀ ਦੇ ਨਾਲ ਰਿਹਾ। ਗੁਰੂ ਜੀ ਨੇ ਉਸ ਨੂੰ ਭਾਈ ਅਥਵਾ ਆਪਣਾ ਭਰਾ ਹੋਣ ਦਾ ਮਾਣ ਦਿਤਾ, ਜਿਸ ਤੋਂ ਉਹ ਇਤਿਹਾਸ ਦੇ ਪੰਨਿਆਂ ਵਿਚ 'ਭਾਈ ਮਰਦਾਨਾ' ਦੇ ਨਾਮ ਨਾਲ ਉਘਾ ਹੋਇਆ।

ਆਪ ਜਿਥੇ ਜਾਂਦੇ, ਕੋਈ ਐਸੀ ਗੱਲ ਕਰਦੇ, ਜਿਸ ਤੋਂ ਲੋਕ ਆਪ ਦੇ ਦੁਆਲੇ ਜੁੜ ਜਾਂਦੇ ਅਤੇ ਆਪ ਦੀ ਗੱਲ ਬਾਤ ਧਿਆਨ ਨਾਲ ਸੁਣਦੇ ਵੇਖਦੇ ਅਤੇ ਆਪ ਦੇ ਉਪਦੇਸ਼ ਗ੍ਰਹਿਣ ਕਰ ਲੈਂਦੇ। ਮਿਸਾਲ ਵਜੋਂ ਜਿਸ ਦਿਨ ਆਪ ਕੁਰਕਸ਼ੇਤਰ ਗਏ, ਉਹ ਸੂਰਜ-ਗ੍ਰਹਿਣ ਦੇ ਮੇਲੇ ਦਾ ਦਿਨ ਸੀ ਅਤੇ ਪ੍ਰਚੱਲਤ ਮਨੌਤ ਅਨੁਸਾਰ ਗ੍ਰਹਿਣ ਸਮੇਂ ਅੱਗ ਨਹੀਂ ਬਾਲੀ ਜਾਂਦੀ ਸੀ। ਆਪ ਨੇ ਉਚੇਚੇ ਤੌਰ ਤੇ ਉਥੇ ਚੁਲ੍ਹਾ ਭਖਾ ਦਿਤਾ, ਜਿਸ ਤੋਂ ਉਠਿਆ ਧੂੰਆਂ ਵੇਖ, ਲੋਕ ਤ੍ਰਾਹ ਤ੍ਰਾਹ ਕਰ ਉਠੇ ਅਤੇ ਪੰਡਤ ਨਾਨੂ ਦੀ ਅਗਵਾਈ ਹੇਠ ਲੋਕ ਗੁਰੂ ਜੀ ਨੂੰ ਮਾਰਨ ਅਤੇ ਚੁਲ੍ਹੇ ਦੀ ਅੱਗ ਬੁਝਾਉਣ ਲਈ ਉਥੇ ਇਕੱਠੇ ਹੋ ਗਏ। ਉਹ ਵਧ ਘਟ ਬੋਲੇ ਤੇ ਗੁਰੂ ਜੀ ਨੂੰ ਮਾਰਨ ਦੀ ਧਮਕੀ ਦਿਤੀ। ਗੁਰੂ ਜੀ ਰਤਾ ਨਹੀਂ ਡੋਲੇ ਅਤੇ ਵਡੀ ਨਿਰਭੈਤਾ ਨਾਲ ਪੰਡਤ ਨਾਨੂ ਨੂੰ ਕਿਹਾ, 'ਗਯਾਨ ਮੇਂ ਬਾਤ ਕਰੋ'। ਜਦੋਂ ਗੱਲ ਬਾਤ ਛਿੜੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਸ


www.AKJ.Org

ਧਰਤੀ ਤੇ ਬਾਲੀ ਮੇਰੀ ਚੁਲ੍ਹੇ ਦੀ ਮਮੂਲੀ ਜਿਹੀ ਅਗਨੀ ਹਜ਼ਾਰ ਕੋਸਾਂ ਦੀ ਉਚਾਈ ਤੇ ਅਸਮਾਨ ਅੰਦਰ ਲਗੇ ਸੂਰਜ ਗ੍ਰਹਿਣ ਤੇ ਕਿਵੇਂ ਅਸਰ ਪਾ ਸਕਦੀ ਹੈ ? ਪੰਡਤ ਨਾਨੂ ਨਿਰੁਤਰ ਹੋ ਗਿਆ ਤਾਂ ਗੁਰੂ ਜੀ ਨੇ ਲੋਕਾਂ ਨੂੰ ਗ੍ਰਹਿਣ ਦੀ ਅਸਲੀਅਤ ਸਮਝਾਈ ਅਤੇ ਉਨ੍ਹਾਂ ਨੂੰ ਠੰਡਿਆਂ ਕੀਤਾ।

ਇਉਂ ਹੀ ਹਰਦੁਆਰ ਵਿਖੇ ਦਰਿਆ ਗੰਗਾ ਦੇ ਕੰਢੇ ਲੋਕਾਂ ਨੂੰ ਚੁਲੀਆਂ ਭਰ ਭਰ ਚੜ੍ਹਦੇ ਸੂਰਜ ਵੱਲ ਪਾਣੀ ਸੁਟਦੇ ਵੇਖਿਆ ਤਾਂ ਗੁਰੂ ਜੀ ਛਿਪਦੇ ਸੂਰਜ ਵੱਲ ਨੂੰ ਪਾਣੀ ਝਟਣ ਲਗ ਗਏ । ਲੋਕਾਂ ਦੇ ਪੁਛਿਆ ਕਿ ਤੁਸੀਂ ਛਿਪਦੇ ਵੱਲ ਪਾਣੀ ਕਿਉਂ ਝਟਦੇ ਹੋ ? ਗੁਰੂ ਜੀ ਨੇ ਉਨ੍ਹਾਂ ਨੂੰ ਚੜ੍ਹਦੇ ਵੱਲ ਪਾਣੀ ਉਛਾਲਣ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਦਸਿਆ, ਅਸੀਂ ਅਸਮਾਨ ਤੇ ਆਪਣੇ ਪਿਤਰਾਂ ਨੂੰ ਪਾਣੀ ਭੇਜਦੇ ਹਾਂ । ਗੁਰੂ ਜੀ ਉਨ੍ਹਾਂ ਦੀ ਗੱਲ ਸੁਣ ਕੇ ਪਛਮ ਵੱਲ ਜ਼ੋਰੋ ਜ਼ੋਰ ਪਾਣੀ ਸੁਟਣ ਲੱਗ ਗਏ ਅਤੇ ਦਸਿਆ ਕਿ ਮੇਰੀ ਖੇਤੀ ਪੰਜਾਬ ਅੰਦਰ ਸੁਕ ਰਹੀ ਹੈ, ਮੈਂ ਉਸ ਨੂੰ ਸਿੰਜਣ ਲਈ ਪਾਣੀ ਝਟ ਰਿਹਾ ਹਾਂ। ਤਾਂ ਲੋਕ ਕਹਿਣ ਲਗੇ, ਤੁਹਾਡਾ ਬੁੱਕਾਂ ਨਾਲ ਝਟਿਆ ਪਾਣੀ ਪੰਜਾਬ ਅੰਦਰ ਬੀਜੀ ਖੇਤੀ ਕਿਵੇਂ ਸਿੰਜ ਸਕਦਾ ਹੈ ? ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜੇ ਮੇਰਾ ਬੁਕੀਂ ਝਟਿਆ ਪਾਣੀ ਇਸ ਧਰਤੀ ਤੇ ਦੋ ਢਾਈ ਸੌ ਮੀਲ ਦੀ ਵਾਟ ਤੇ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਚੁਲੀਆਂ ਨਾਲ ਉਛਾਲਿਆ ਪਾਣੀ ਹਜ਼ਾਰਹਾਂ ਮੀਲ ਦੂਰ ਅਸਮਾਨ ਤੇ ਤੁਹਾਡੇ ਪਿਤਰਾਂ ਪਾਸ ਕਿਵੇਂ ਜਾਏਗਾ ? ਇਉਂ ਗੁਰੂ ਜੀ ਨੇ ਲੋਕਾਂ ਦਾ ਪਿੱਤਰ-ਪੂਜਣ ਵਾਲਾ ਭੁਲੇਖਾ ਦੂਰ ਕੀਤਾ।

ਗੁਰੂ ਜੀ ਦੇ ਕਰਤਾਰਪੁਰ ਵਿਚ ਬਿਤਾਏ ਪੰਦਰ੍ਹਾਂ ਸਾਲ ਇਕ ਆਦਰਸ਼ਕ ਗ੍ਰਿਹਸਤੀ ਜੀਵਨ ਸੀ, ਜਿਸ ਵਿਚ ਆਪ ਨੇ 'ਘਾਲਿ ਖਾਇ ਕਿਛੁ ਹਥਹੁ ਦੇਇ' (੧੨੪੫) ਦੇ ਫ਼ੁਰਮਾਨ ਦੀ ਪਾਲਨਾ ਅਮਲੀ ਤੌਰ ਤੇ ਕਰ ਕੇ ਦਰਸਾਈ। ਇਸ ਦੀ ਇਕ ਮਿਸਾਲ ਇਉਂ ਮਿਲਦੀ ਹੈ ਕਿ ਜਦੋਂ ਭਾਈ ਲਹਿਣਾ ਗੁਰੂ ਜੀ ਦੇ ਦਰਸ਼ਨ ਨੂੰ ਕਰਤਾਰਪੁਰ ਆਏ, ਉਸ ਸਮੇਂ ਆਪ ਝੋਨੇ ਦੇ ਪਾਣੀ ਭਰੇ ਖੇਤ ਵਿਚੋਂ ਨਦੀਨ ਪੁਟ ਰਹੇ ਸਨ, ਜਿਸ ਦੀ ਪੰਡ ਭਾਈ ਲਹਿਣਾ ਜੀ ਸਿਰ ਪਰ ਉਠਾ ਘਰ ਲਿਆਏ ਅਤੇ ਜਿਸ ਵਿਚੋਂ ਚੋਂਦੇ ਮੈਲੇ ਪਾਣੀ ਦੀਆਂ ਛਿੱਟਾਂ ਲਹਿਣਾ ਜੀ ਦੇ ਚੋਲੇ ਤੇ ਸਾਰਾ ਰਸਤਾ ਪੈਂਦੀਆਂ ਆਈਆਂ ਸਨ। ਘਰ ਪਹੁੰਚਣ ਪਰ ਜਦੋਂ ਮਾਤਾ ਸੁਲੱਖਣੀ ਜੀ ਨੇ ਇਸ ਦਾ ਕੁਝ ਹਿਰਖ ਕੀਤਾ ਤਾਂ ਆਪ ਨੇ ਉਨ੍ਹਾਂ ਨੂੰ ਕੇਸਰ ਛਿੜਕੇ ਹੋਣ ਦੀ ਤੁਲਨਾ ਦਿਤੀ, ਜਿਸ ਦਾ ਸਤ ਹੋਣਾ 'ਸਾਧੂ ਬੋਲੇ ਸਹਿਜ ਸੁਭਾਇ, ਸਾਧ ਕਾ ਬੋਲਿਆ ਬਿਰਥਾ ਨ ਜਾਇ' ਪ੍ਰਚਲਤ ਬੋਲ ਅਨੁਸਾਰ ਉਸ ਸਮੇਂ ਪਰਤੱਖ ਹੋ ਗਿਆ, ਜਦੋਂ ਭਾਈ ਲਹਿਣਾ ਜੀ ਗੁਰੂ ਅੰਗਦ ਜੀ ਦੇ ਰੂਪ ਵਿਚ ਗੁਰੂ-ਗਦੀ ਤੇ ਬਿਰਾਜਮਾਨ ਹੋਏ।

ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਨੂੰ ਚਾਰ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ—

੧ ਜਨਮ ਸੰਨ ੧੪੬੯ ਤੋਂ ੧੪੮੪ ਤਕ, ਜੋ ਸਮਾ ਆਪ ਨੇ ਤਲਵੰਡੀ ਵਿਚ ਬਿਤਾਇਆ ਅਤੇ ਕਈ ਕੌਤਕ ਵਰਤਾਏ—੧੫ ਸਾਲ।

੨. ੧੪੮੫ ਤੋਂ ੧੪੯੬ ਸੁਲਤਾਨਪੁਰ ਮੋਦੀਖ਼ਾਨੇ ਦੇ ਮੋਦੀ ਰਹੇ—੧੨ ਸਾਲ।

੩. ੧੪੯੭ ਤੋਂ ੧੫੨੪, ਜਦੋਂ ਬਾਬਾ 'ਚੜਿਆ ਸੋਧਣਿ ਧਰਤਿ ਲੁਕਾਈ' ਹਿਤ ਕੀਤੀਆਂ ਉਦਾਸੀਆਂ—੨੮ ਸਾਲ।

੪. ੧੫੨੫ ਤੋਂ ੧੫੩੯ ਈ: ਗ੍ਰਿਹਸਤੀ ਜੀਵਨ ਕਰਤਾਰਪੁਰ—੧੫ ਸਾਲ।

ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਪ੍ਰਤਿਕੂਲ ਆਪਣੇ ਨਿਆਰੇ ਵਿਚਾਰ ਸੰਸਾਰ ਨੂੰ ਦਿਤੇ ਜਿਨ੍ਹਾਂ ਦਾ ਥੋੜਾ ਜਿਹਾ ਜ਼ਿਕਰ ਪਿਛੇ ਦਿਤਾ ਗਿਆ ਹੈ।


www.AKJ.Org

# ਨਾਨਕ ਕੇ ਘਰਿ ਕੇਵਲ ਨਾਮ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਸਤਿਗੁਰ ਨਾਨਕ ਦੇਵ ਜੀ ਨੇ ਕਲਜੁਗੀ ਜੀਵਾਂ ਦੇ ਨਿਸਤਾਰੇ ਲਈ, ਵਿਲੱਖਣ ਸਰੂਪ, ਤੇ ਅਕਾਰ ਸਿਧਾਂਤ ਵਾਲੇ ਸਿੱਖ ਧਰਮ ਦੀ ਸਿਰਜਨਾ ਕੀਤੀ ਹੈ। ਪੱਛਮੀ ਦੇਸ਼ਾਂ ਦੇ ਨਿਰਪੱਖ ਆਤਮਕ ਖੋਜੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇਹ ਧਰਮ ਸਭ ਧਰਮਾਂ ਤੋਂ ਜ਼ਿਆਦਾ ਨਵੀਨ, ਵਿਗਿਆਨਕ, ਗੁੰਝਲ-ਰਹਿਤ, ਅਮਲੀ ਤੇ ਸਰਬ ਸਾਂਝਾ ਹੈ।

ਇਸ ਦੇ ਫ਼ਲਸਫ਼ੇ ਤੇ ਵਿਚਾਰਧਾਰਾ ਦਾ ਮੂਲ ਤੱਤ 'ਕੇਵਲ ਨਾਮੁ' ਹੈ। ਉਹ ਨਾਮ ਜੋ ਸੱਤ, ਅਕਾਲ, ਅਜੋਨੀ ਪਰਮਾਤਮਾ ਦੇ ਸਰੂਪ ਦੀ ਲੱਖਤਾ ਕਰਾਉਂਦਾ ਹੈ। ਸਾਰਾਂਸ਼, ਗੁਰਮਤਿ ਨਾਮ ਉਹ ਧੁਰਾ ਹੈ; ਜਿਸ ਦੇ ਚੁਗਿਰਦੇ ਸਿੱਖ ਧਰਮ ਦੀ ਰੂਪ-ਰੇਖਾ, ਕਥਨੀ-ਕਰਨੀ, ਸਭਿਅਤਾ ਜਾਂ ਪਰੰਪਰਾ ਪਰਕਰਮਾ ਕਰਦੀ ਹੈ।

ਜਿਸ ਸਮੇਂ ਗੁਰਦੇਵ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਜ਼ਾਲਮਾਂ ਦੇ ਅੱਤਿਆਚਾਰ ਤੇ ਤੁਅੱਸਬ ਦੇ ਪ੍ਰਤੀਕਰਮ ਦੀ ਦ੍ਰਿਸ਼ਟੀ ਗੋਚਰ ਸ਼ਕਲ ਭਗਤੀ-ਲਹਿਰ ਸੀ, ਅਤੇ ਭਾਰਤ ਵਿਚ ਅਨੇਕਾਂ ਸੰਤਾਂ-ਭਗਤਾਂ ਤੇ ਸੂਫੀਆਂ ਨੇ 'ਇਕ ਨਾਮ' ਦੀ ਗੱਲ ਚਲਾਈ ਹੋਈ ਸੀ। ਪਰ ਏਨੇ ਵੱਡੇ ਪੈਮਾਨੇ ਤੇ ਗੁਰੂ ਨਾਨਕ ਦੇਵ ਜੀ ਦੁਆਰਾ ਚਾਰ ਉਦਾਸੀਆਂ ਰਾਹੀਂ ਕੁਰਾਹੇ ਪਈ ਲੁਕਾਈ ਨੂੰ ਨਿਰੋਲ ਇਕ ਵਾਹਿਗੁਰੂ ਨਾਲ ਜੋੜਨਾ ਉਸੇ ਨੂੰ ਬਣ ਆਉਂਦਾ ਹੈ, ਜਿਸ ਉੱਤੇ ਅਕਾਲ ਪੁਰਖ ਦੀ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਹੋਵੇ ਅਤੇ ਜਿਸ ਨੂੰ ਧੁਰ-ਦਰਗਾਹੋਂ ਨਾਮ ਦ੍ਰਿੜ੍ਹਾਉਣ ਦਾ ਮਹਾਨ ਕਾਰਜ ਸੌਂਪਿਆ ਗਿਆ ਹੋਵੇ। ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਆਪ ਨੇ ਰੇਤ ਅੱਕ ਆਹਾਰ ਕਰ ਕੇ ਐਸੀ ਘੋਰ ਤਪੱਸਿਆ ਕੀਤੀ ਕਿ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਆਪਣੀ ਕਲਾ ਵਰਤਾਇ ਕੇ ਨੌ-ਨਿਧਿ-ਨਾਮ, ਗਰੀਬੀ ਦੀ ਮਹਾਨ ਦਾਤਿ ਪਰਦਾਨ ਕਰ ਕੇ ਸ਼ਬਦ-ਸੁਰਤਿ ਦੁਆਰਾ ਨਾਮ ਦੀ ਅੰਮ੍ਰਿਤ ਵਰਖਾ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਘਰ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਗੁਰੂ-ਆਸ਼ੇ ਦੀ ਵਿਆਖਿਆ ਕਰਦਿਆਂ ਦਸਿਆ ਹੈ ਕਿ ਕਲਜੁਗ ਵਿਚ ਹੋਰ ਕਰਮਾਂ ਧਰਮਾਂ ਦਾ ਕੁਝ ਨਹੀਂ ਵਟਿਆ ਜਾਣਾ, ਸਗੋਂ—

ਕਲਿਜੁਗ ਕੀ ਸੁਣਿ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ ॥
ਬਿਨਾ ਭਜਨ ਭਗਵਾਨ ਕੇ, ਭਾਉ ਭਗਤਿ ਬਿਨੁ ਠੌਰ ਨ ਥਾਈ ॥...
ਕਰ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ ॥
ਕਲਿਜੁਗਿ ਨਾਵੈ ਕੀ ਵਡਿਆਈ ॥੧੬॥ (ਵਾਰ ੧)

ਜਗਤ-ਤਾਰਕ ਸਤਿਗੁਰੂ ਜੀ ਨਾਮ ਦੇ ਛੱਟਿਆਂ ਨੂੰ ਕਿਸਾਨ ਦੀ ਧਰਤੀ ਤੇ ਬੀਜ ਨਾਲ ਉਪਮਾ ਦੇਂਦਿਆਂ ਫੁਰਮਾਉਂਦੇ ਹਨ ਕਿ ਸਿਆਣਾ ਕਿਸਾਨ ਜਾਣਦਾ ਹੈ ਕਿ ਕਰੁੱਤਾ ਬੀਜ ਨਹੀਂ ਜੰਮਦਾ, ਇਸ ਕਰਕੇ ਉਹ ਰੁੱਤ ਅਨੁਸਾਰ ਖੇਤ ਵਿਚ ਮੁਨਾਸਬ ਬੀਜ ਬੀਜਦਾ ਹੈ। ਕਲਜੁਗ ਵਿਚ ਮਨੁੱਖਾ ਦੇਹੀ ਦਾ ਪ੍ਰਾਪਤ ਹੋਣਾ, ਸੱਚੇ ਨਾਮ ਦੀ ਵੱਤ ਲੱਗੀ ਸਮਾਨ ਹੈ। ਇਸ ਰੁੱਤ ਵਿਚ ਸਿਵਾਇ ਨਾਮ ਦੇ ਕਰਮ ਧਰਮ, ਇਸ਼ਨਾਨ, ਯੱਗ ਆਦਿ ਦਾ ਬੀਜ ਜੰਮਦਾ ਨਹੀਂ। ਫਲ ਤਾਂ ਕੀ ਲੱਗਣਾ, ਬੀਜ ਤੇ ਬੀਜਣ ਦੀ ਘਾਲ ਵੀ ਵਿਅਰਥ ਜਾਂਦੀ ਹੈ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :—

ਹਰਿ ਕੀਰਤਿ ਰੁਤਿ ਆਈ, ਹਰਿ ਨਾਮੁ ਵਡਾਈ, ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥੪॥੪॥੧੧॥ (ਪੰਨਾ ੪੪੯)

ਇਸ ਸੱਚੇ ਦਰਬਾਰ ਦੀ ਵਡਿਆਈ ਨਾਮ ਕਰਕੇ ਹੈ, ਹੋਰ ਕਿਸੇ ਭੇਖ ਜਾਂ ਚਿੰਨ੍ਹ ਕਰਕੇ ਨਹੀਂ। ਗੁਰਸਿੱਖਾਂ, ਸੰਤਾਂ, ਭਗਤਾਂ ਦੀ ਕਾਇਆਂ ਜਾਂ ਧਰਤੀ ਦੈਵੀ ਗੁਣਾਂ ਦੇ ਸਦਕੇ ਬਹੁਤ ਉਪਜਾਊ ਹੈ, ਇਹ



www.AKJ.Org

ਬਹੁਤ ਛੇਤੀ ਹਰੀ ਭਰੀ ਤੇ ਸਰਸਬਜ਼ ਹੋ ਜਾਂਦੀ ਹੈ।

ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥
(ਮ: ੪, ਵਾਰ ਗਉੜੀ, ਪੰਨਾ ੩੧੬)

ਸ੍ਰੀ ਗੁਰੂ ਅਮਰਦਾਸ ਜੀ ਦਾ ਨਿਰਣਾ ਸਪੱਸ਼ਟ ਹੈ ਕਿ ਬਾਕੀ ਜੁਗਾਂ ਵਿਚ ਬੇਸ਼ਕ ਜਤੁ ਸਤੁ ਸੰਜਮ, ਤੀਰਥ ਇਸ਼ਨਾਨ ਦੀ ਕਦਰ ਹੋਵੇ, ਪਰ ਕਲਜੁਗ ਵਿਚ ਹਰਿਨਾਮ ਦੀ ਕੀਰਤੀ ਹੀ ਪਰਵਾਨ ਹੈ—

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ, ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ, ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਾਣੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ,ਕਲਿ ਮਹਿ ਕੀਰਤਿ ਹਰਿ ਨਾਮਾ॥੨॥(੭੯੭-੯੮)

ਭਾਈ ਗੁਰਦਾਸ ਜੀ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਵਿਚ ਸਤਿਨਾਮ ਦਾ ਚੱਕਰ ਫਿਰਾਇਆ ਅਤੇ 'ਸਤਿਨਾਮ ਪੜਿ ਮੰਤ੍ਰ ਸੁਣਾਇਆ ॥' ਮੰਤਰਾਂ ਦਾ ਮੰਤਰ, ਕੇਵਲ ਅਕਾਲ ਪੁਰਖ ਦਾ ਨਾਮ, ਵਾਹਿਗੁਰੂ, ਗੁਰਮੰਤਰ ਅਨਗਿਣਤ ਪ੍ਰਾਣੀਆਂ ਦੇ ਹਿਰਦੇ ਵਿਚ ਵਸਾਇਆ—

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ॥੪॥ (ਪੰਨਾ ੧੮੮)

ਗੁਰਸਿੱਖੀ ਵਿਚ, ਨਾਮ ਵਲ ਕੰਡ ਕਰਕੇ ਆਪਾ ਪ੍ਰਗਟਾਉਣ ਵਾਲੀਆਂ ਪਿਛਾਂਹ-ਖਿਚੂ ਸ਼ਕਤੀਆਂ ਰਿਧਿ ਸਿਧਿ ਕਰਾਮਾਤ ਤੇ ਨਾਟਕ-ਚੇਟਕ ਮਾਣ-ਦਿਖਾਵੇ ਲਈ ਕੋਈ ਥਾਂ ਨਹੀਂ ਹੈ। ਕੇਵਲ ਨਾਮ ਹੀ ਪਰਵਾਨ ਹੈ। ਪਰ ਇਸਦਾ ਇਹ ਭਾਵ ਨਹੀਂ ਕਿ ਆਪ ਨੇ ਗੁਰਸਿੱਖਾਂ ਨੂੰ ਕੇਵਲ ਨਾਮ ਹੀ ਬਖਸ਼ਿਆ ਹੈ ਤੇ ਹੋਰ ਸੰਸਾਰਕ ਦਾਤਾਂ ਤੇ ਰਹਿਮਤਾਂ ਤੋਂ ਮਹਿਰੂਮ ਰੱਖਿਆ ਹੈ। ਜਿਨ੍ਹਾਂ ਨੂੰ ਸਤਿਗੁਰੂ ਨੇ 'ਨਾਮ' ਬਖ਼ਸ਼ ਕੇ ਆਪਣਾ ਬਣਾ ਲਿਆ, ਉਨ੍ਹਾਂ ਨੂੰ ਫਿਰ ਕਿਸੇ ਗੱਲ ਦੀ ਕਮੀ ਨਹੀਂ ਰਹਿਣ ਦਿਤੀ। ਪੰਚਮ ਪਾਤਸ਼ਾਹ ਮਾਰੂ ਡਖਣੇ ਦੀ ਵਾਰ ਵਿਚ ਫ਼ੁਰਮਾਉਂਦੇ ਹਨ—

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਈ ਖਾਇ ਖਰਚ ਰਹੰਦਾ ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ।
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥
ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥ (੧੦੯੬)

ਗੁਰੂ ਨਾਨਕ ਦਾ ਘਰ ਨਿਰੰਕਾਰ ਦਾ ਆਪਣਾ ਘਰ ਹੈ। ਇਹ ਘਰ ਨਉਨਿਧਿ ਨਾਮ ਸਮੇਤ ਅਨੇਕਾਂ ਸ਼ਕਤੀਆਂ, ਕੌਤਕਾਂ, ਮੋਅਜਜ਼ਿਆਂ ਅਤੇ ਅਲੌਕਿਕ ਸਮਰੱਥਾ ਨਾਲ ਭਰਪੂਰ ਹੈ। ਦੀਰਘ ਮਾਨਸਕ ਤੇ ਸਰੀਰਕ ਰੋਗਾਂ ਵਿਚ ਗ੍ਰਸੇ ਰੋਗੀਆਂ ਨੂੰ ਅਰੋਗ ਤੇ ਨਵਾਂ ਨਰੋਆ ਕਰਦਾ ਆਇਆ ਹੈ। ਸਾਖੀਆਂ ਅਨੁਸਾਰ, ਮਲਕ ਭਾਗੋ ਦੀ ਪਤਿਤ ਬਿਰਤੀ, ਸ਼ਹੁ ਸੁਹਾਗਣ ਦਾ ਪਖੰਡੀ ਜੀਵਨ, ਵਲੀ ਕੰਧਾਰੀ ਦੀ ਅਹੰ-ਬੁਧੀ ਅਤੇ ਪਾਪ-ਗ੍ਰਸੇ



www.AKJ.Org

ਸਰੀਰਕ ਕੋੜ੍ਹੀਆਂ ਦੇ ਕੋੜ੍ਹ ਆਦਿ ਦਾ ਪ੍ਰੀਵਰਤਣ ਗੁਰੂ-ਘਰ ਦੀ ਅਲੌਕਿਕ ਕਲਾ ਦੁਆਰਾ ਹੁੰਦਾ ਆ ਰਿਹਾ ਹੈ। ਇਸ ਸ਼ਕਤੀ ਦੀ ਵਰਤੋਂ ਮਾਣ ਮਹੱਤ ਜਾਂ ਦਿਖਾਵੇ ਖੇਲ ਤਮਾਸ਼ੇ ਲਈ ਨਹੀਂ, ਸਗੋਂ ਇਸ ਦਾ ਪ੍ਰਯੋਜਨ ਬਹੁਤ ਹੀ ਉੱਚਾ, ਸੁੱਚਾ, ਪਰਉਪਕਾਰ ਹਿਤ ਅਤੇ ਸੁਧਾਰਕ ਹੋਣ ਦੇ ਨਾਤੇ ਸੱਚ ਦ ਮਾਰਗ ਤੋਂ ਭਟਕਿਆਂ, ਅਗਿਆਨੀਆਂ, ਹੰਕਾਰੀਆਂ, ਪਖੰਡੀਆਂ ਤੇ ਮੁਤਅੱਸਬੀਆਂ ਨੂੰ ਗਿਆਨ ਦਾ ਚਾਨਣ ਬਖਸ਼ਣਾ ਅਤੇ ਕੇਵਲ ਨਾਮ ਜਪਾਉਣਾ ਤੇ ਹੰਗਤਾ ਤਿਆਗਣਾ ਹੈ।

ਮਾਇਆ-ਧਾਰੀ ਸੰਸਾਰਕ ਜੀਵ, ਪ੍ਰੋਹਤ ਪਾਂਧੇ, ਸ਼ਾਹੂਕਾਰ ਬਿਉਪਾਰੀ, ਬਾਣੀਏ ਮੋਹ ਦੇ ਚਿੱਕੜ ਵਿਚ ਗਲਤਾਨ, ਰਾਮ ਨਾਮ ਦੇ ਸਿਮਰਨ ਦੀ ਭਾਸ਼ਾ ਤੋਂ ਅਨਜਾਣ ਸਨ। ਉਨ੍ਹਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਅਹਿਸਾਸ ਕਰਵਾਇਆ ਕਿ ਬਹੁ-ਰੰਗੀ ਮਾਇਆ ਦੀ ਸ਼ੋਭਾ ਕੇਵਲ ਹਉਮੈ ਦੇ ਭਾਰ ਲਦਣ ਸਮਾਨ ਹੈ। ਇਹ ਸਾਥ ਨਿਭਣ ਵਾਲੀ ਨਹੀਂ ਹੈ। ਕੇਵਲ ਨਾਮ ਹੀ ਹੈ, ਜੋ ਸਦਾ ਸੰਗ ਸਹਾਈ ਹੈ—

ਮਾਇਆ ਸੰਚਿ ਰਾਜੇ ਅਹੰਕਾਰੀ ॥ ਮਾਇਆ ਸਾਥਿ ਨ ਚਲੈ ਪਿਆਰੀ ॥
ਮਾਇਆ ਮਮਤਾ ਹੈ ਬਹੁ ਰੰਗੀ ॥ ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥੧॥
(ਪ੍ਰਭਾਤੀ ਅਸ: ਮ: ੧, ਪੰਨਾ ੧੩੪੨)

ਜੋਗੀ ਤੇ ਸੰਨਿਆਸੀ ਘਰ ਬਾਹਰ ਤਿਆਗ ਕੇ ਆਪਣੇ ਆਪ ਨੂੰ ਮਾਇਆ ਤੋਂ ਨਿਰਲੇਪ ਤੇ ਵਿਰੱਕਤ ਕਹਾਉਂਦੇ। ਸਿੱਧ ਲੋਕ ਸੰਸਾਰ ਦੀ ਪਕੜ ਤੋਂ ਡਰ ਕੇ ਪਰਬਤੀਂ ਜਾ ਛੁਪੇ। ਇਨ੍ਹਾਂ ਨੇ ਬਹੁਤ ਕੁਝ ਤਿਆਗਿਆ, ਪਰ ਪਿੰਡੇ ਤੇ ਸੁਆਹ ਮਲਣ ਵਾਲੀ ਅਗਿਆਨਤਾ ਨਹੀਂ ਤਿਆਗੀ। ਕਰਾਮਾਤ ਨੂੰ ਆਖ਼ਰੀ ਮੰਜ਼ਲ ਸਮਝਣ ਵਾਲੇ ਸਿੱਧਾਂ ਨੂੰ ਬਹੁਤ ਅਸਚਰਜਤਾ ਹੋਈ ਕਿ ਗੁਰੂ ਨਾਨਕ ਦੇਵ ਜੀ ਏਨੇ ਉੱਚੇ ਪਰਬਤਾਂ ਤੇ ਕਿਵੇਂ ਪੁੱਜੇ। ਦਾਤਾਰ ਪਿਤਾ ਨੇ ਗੁਰਮਤਿ, ਦਲੀਲ; ਤੇ ਰੂਹਾਨੀਅਤ ਦੇ ਕਮਾਲ ਦੁਆਰਾ ਸਿੱਧਾਂ ਦੇ ਹਿਰਦੇ ਦੀ ਅਗਨਿ ਬੁਝਾਈ। ਸਿੱਧਾਂ ਉਤੇ ਪਹਿਲੀ ਵਾਰ ਤੰਤ੍ਰ, ਮੰਤ੍ਰ, ਕਰਾਮਾਤ ਦੇ ਮੁਕਾਬਲੇ ਵਿਚ ਕੇਵਲ ਨਾਮ ਦੀ ਵਡਿਆਈ ਦਾ ਪ੍ਰਭਾਵਸ਼ਾਲੀ ਅਸਰ ਪਿਆ। ਅੰਤ ਵਿਚ ਸਿੱਧ ਦੀਨ, ਨਿਮਾਣੇ, ਆਜਿਜ਼ ਹੋ ਕੇ ਸਤਿਗੁਰੂ ਦੀ ਚਰਨੀਂ ਡਿਗ ਪਏ ਤੇ ਸੱਚ ਨਾਮ ਦੀ ਉੱਤਮਤਾ ਨੂੰ ਤਨੋਂ ਮਨੋਂ ਸਵੀਕਾਰ ਕੀਤਾ। ਭਾਈ ਗੁਰਦਾਸ ਜੀ ਅਨੁਸਾਰ—

ਸਿਧ ਬੋਲਨਿ ਸੁਭ ਬਚਨ, ਧੰਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ ॥ (ਵਾਰ ੧, ਪਉੜੀ ੪੪)

ਹਿੰਦੂ ਸਮਾਜ ਦੇ ਧਾਰਮਕ ਕਾਰਜਾਂ ਦਾ ਦਾਇਰਾ, ਹਰੀ ਨਾਮ ਤੋਂ ਕੋਰਾ, ਕਰਮ ਧਰਮ, ਬਾਹਰਲੇ ਨਿਸ਼ਾਨਾਂ ਤੇ ਭੇਖਾਂ ਤੱਕ ਹੀ ਸੀਮਤ ਸੀ। ਭਾਂਤ ਭਾਂਤ ਦੇ ਦਾਨ, ਇਸ਼ਨਾਨ, ਖੱਟ ਕਰਮ, ਕਾਇਆਂ ਨੂੰ ਦੁੱਖ ਦੇਣਾ; ਅੰਨ ਨ ਖਾਣਾ, ਤਨ ਨੂੰ ਤਪਾਉਣਾ, ਹਿਮਾਲਾ ਦੀਆਂ ਬਰਫ਼ਾਂ ਵਿਚ ਕਸ਼ਟ ਸਹਿਣਾ, ਤੀਰਥ ਦੀ ਨਿਰਾਹਾਰ ਯਾਤਰਾ, ਪੂਜਾ ਬਰਤ, ਤਿਲਕ ਆਦਿ ਦੇ ਅਡੰਬਰਾਂ ਨੇ ਧਰਮ ਦੀ ਆਤਮਾ ਨੂੰ ਅੰਦਰੋਂ ਖੋਖਲਾ ਕੀਤਾ ਹੋਇਆ ਸੀ। ਇਸ ਅਵਸਥਾ ਬਾਰੇ ਹਜ਼ੂਰ ਦੇ ਬਚਨ ਹਨ—

ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥੧੦॥ (੨੪੦)

ਗੁਰਦੇਵ ਪਿਤਾ ਜੀ ਨੇ ਨਾਮ ਤੋਂ ਥੋਥੇ ਪ੍ਰਾਣੀਆਂ ਦੀ ਤੁਲਨਾ, ਦਾਣੇ ਬਿਨਾਂ ਖ਼ਾਲੀ ਤੋਹ ਨਾਲ, ਪਤੀ ਬਿਨਾਂ ਸੁਹਾਗ ਨਾਲ, ਸਾਸ ਬਿਨਾਂ ਦੇਹੁਰੀ ਦੇ ਸ਼ਿੰਗਾਰ ਨਾਲ ਕਰਕੇ, 'ਸਚੁ ਨਾਮ' ਦੀ ਅਹਿਮੀਅਤ ਨੂੰ ਬਾਰ ਬਾਰ ਦ੍ਰਿੜ੍ਹਾਇਆ ਹੈ। ਗੁਰਵਾਕ ਹੈ—

ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥
ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥੨॥੧੫॥
(ਮ: ੪, ਵਾਰ ਗਉੜੀ, ਪੰਨਾ ੩੦੯)

ਸਤਿਗੁਰ ਨਾਨਕ ਦੇਵ ਜੀ ਪੂਰਨ ਰਾਜ-ਜੋਗੀ ਸਨ। ਬੀਰਤਾ, ਹਿੰਮਤ, ਨਿਡੱਰਤਾ ਤੇ ਸੱਚ ਕਹਿਣ ਦੀ


www.AKJ.Org

ਦਲੇਰੀ ਦੇ ਮਾਲਕ ਹੁੰਦਿਆਂ, ਆਪ ਦਾ ਸੱਚਾ ਰੂਹਾਨੀ ਤਖ਼ਤ ਉੱਚ ਆਸਣ ਤੇ ਸੰਵਾਰਿਆ ਹੋਇਆ ਸੀ। ਰਾਜੇ ਦੇ ਚੰਗੇ ਗੁਣਾਂ ਨਾਲ ਸਾਂਝ, ਅਉਗਣਾਂ ਦਾ ਤਿਆਗ, ਤੇ ਜਨਤਾ ਨੂੰ ਸਦੀਵੀ ਸੁੱਖ ਬਖਸ਼ਣਾ ਅਤੇ ਜਗਤ ਵਿਚ ਨਿਰਲੇਪ ਰਹਿ ਕੇ ਪ੍ਰਭੂ ਨਾਲ ਜੁੜੇ ਰਹਿਣਾ ਆਦਰਸ਼ਕ ਰਾਜ-ਜੋਗੀ ਦੇ ਲੱਛਣ ਹਨ। ਪਰ ਰਾਜੇ ਸੰਸਾਰੀ ਹਨ ਤੇ ਆਪ ਨਿਰੰਕਾਰੀ, ਉਹ ਈਰਖਾ ਤੇ ਵੈਰ-ਵਿਰੋਧ ਵਿਚ ਗ੍ਰਸੇ ਹੋਏ ਸਨ, ਪਰ ਆਪ–

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥
ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥੬॥ (੧੩੯੦)

ਸਾਰੀ ਸ੍ਰਿਸ਼ਟੀ ਉਸ ਨਾਮ ਦੁਆਰਾ ਉਧਰ ਗਈ ਜਿਸ ਨਾਮ ਦੇ ਲਗਾਤਾਰੀ ਜਾਪੁ ਦੁਆਰਾ ਗੁਰੂ ਨਾਨਕ ਪਾਤਸ਼ਾਹ ਆਪ ਤਰ ਗਏ।

ਰਾਜਿਆਂ ਨੂੰ ਚੰਗਾ ਸਵਾਦੀ ਭੋਜਨ ਮਾਸ ਸ਼ਰਾਬ ਆਦਿ ਦਾ ਚਸਕਾ ਹੁੰਦਾ ਹੈ, ਜਦ ਕਿ ਸੱਚੇ ਪਾਤਸ਼ਾਹ ਲਈ ਨਾਮ ਹੀ ਸੱਚਾ ਸੁਖਦਾਈ ਭੋਜਨ ਹੈ। ਉਹ ਨਾਮ ਦਾ ਜਾਪ, ਅਨੂਠੇ ਨਾਮ-ਰਸ ਦਾ ਸਵਾਦ ਲੈ ਲੈ ਕੇ ਜਪਦੇ ਹਨ। ਭੱਟਾਂ ਦੇ ਕਥਨ ਅਨੁਸਾਰ ਨਾਮ-ਰਸੀਏ ਗੁਰੂ ਨਾਨਕ ਜੀ ਰਾਜ-ਜੋਗ ਦਾ ਸੁਮੇਲ ਚੰਗੀ ਤਰ੍ਹਾਂ ਨਿਭਾਉਂਦੇ ਹਨ–

ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥ (੧੩੯੦)

ਰਾਜਿਆਂ ਦੀ ਇਕ ਹੋਰ ਲੀਲ੍ਹਾ–ਆਖੇੜ ਬਿਰਤਿ, ਅਰਥਾਤ ਸ਼ਿਕਾਰ ਖੇਡਣ ਦੀ ਬਿਰਤੀ ਸੀ। ਘੋੜੇ ਦੀ ਸਵਾਰੀ ਕਰਕੇ ਜੰਗਲ ਵਿਚ ਸ਼ੇਰ, ਚੀਤੇ, ਬਘਿਆੜ ਤੇ ਹਿਰਨ ਦਾ ਸ਼ਿਕਾਰ ਕਰਨਾ ਉਨ੍ਹਾਂ ਦੇ ਸ਼ਿਕਾਰ ਕਰਨ ਦਾ ਸ਼ਾਹਾਨਾ ਭੇਸ ਸੀ।

ਹਜ਼ੂਰ ਨੇ ਵੀ ਇਸ ਸ਼ਿਕਾਰ ਦਾ ਅਲੰਕਾਰ ਲੈ ਕੇ ਫੁਰਮਾਇਆ, ਕਿ ਅਸੀਂ ਵੀ ਸਤਸੰਗੀਆਂ ਨੂੰ ਲੈ ਕੇ ਸ਼ਿਕਾਰ ਲਈ ਚੜ੍ਹਾਈ ਕੀਤੀ ਹੈ। ਦਸ ਇੰਦਰੀਆਂ ਰੂਪ ਹਰਨੀਆਂ ਨੂੰ ਸਹਜੇ ਹੀ ਕਾਬੂ ਕਰ ਲਿਆ, ਕਾਮਾਦਿਕ ਪੰਜ ਵਿਕਾਰ ਗੁਰ-ਸ਼ਬਦ ਰੂਪੀ ਤੀਰਾਂ ਦਾ ਨਿਸ਼ਾਨਾ ਬਣਾਏ। ਰਾਜਿਆਂ ਦੀ ਪ੍ਰਚਲਤ ਸ਼ਿਕਾਰ-ਬਿਰਤੀ ਦੀ ਥਾਂ, ਅੰਦਰੂਨੀ ਦੈਵੀ ਬਿਰਤੀ ਨੇ ਨਿਜ ਅਸਥਾਨ ਸੰਭਾਲ ਲਿਆ। ਰਾਜੇ ਦੇ ਭਾਗਾਂ ਵਿਚ ਜਾਨਵਰਾਂ ਦੇ ਮਾਸ ਦਾ ਅਹਾਰ ਸੀ, ਪਰ ਸਾਨੂੰ ਅਕਾਲ ਪੁਰਖ ਨੇ ਇਸ ਆਤਮਕ ਸ਼ਿਕਾਰ ਦੇ ਸੰਬੰਧ ਵਿਚ ਬਖਸ਼ਸ਼ ਕੀਤੀ ਹੈ ਵੱਡਮੁਲੀ ਵਸਤੂ ਦੀ, ਉਹ ਹੈ ਕੇਵਲ ਨਾਮ, ਜਿਹੜਾ ਸਾਡੇ ਘਰ ਦਾ ਸੁੰਦਰ ਸ਼ਿੰਗਾਰ ਹੈ। ਗੁਰਵਾਕ ਹੈ–

ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤ ਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ਰਹਾਉ॥
ਆਖੇਰ ਬਿਰਤਿ ਬਾਹਰਿ ਆਇਓ ਧਾਇ॥ ਅਹੇਰਾ ਪਾਇਓ ਘਰ ਕੈ ਗਾਇ ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥
(ਭੈਰਉ ਮ: ੫, ਪੰਨਾ ੧੧੩੬)

ਨਿਰੰਕਾਰੀ ਬਾਬਾ ਜੀ ਨਾਮ-ਰੰਗ ਵਿਚ ਰਤੇ ਹੋਇ, ਨਾਮ ਰਸ ਦਾ ਅਨੰਦ ਭੁੰਚਦੇ ਹੋਇ, ਉਸ ਅਵਸਥਾ ਦੀ ਬਿਆਨ ਇਉਂ ਕਰਦੇ ਹਨ–

ਤ੍ਰਿਸਨਾ ਥਕੀ ਨਾਨਕਾ, ਜਾ ਮਨੁ ਰਤਾ ਨਾਇ ॥
ਲੋਇਣ ਰਤੇ ਲੋਇਣੀ, ਕੰਨੀ ਸੁਰਤਿ ਸਮਾਇ ॥
ਜੀਭ ਰਸਾਇਣਿ ਚੂਨੜੀ, ਰਤੀ ਲਾਲ ਲਵਾਇ ॥
ਅੰਦਰੁ ਮੁਸਕਿ ਝਕੋਲਿਆ, ਕੀਮਤਿ ਕਹੀ ਨ ਜਾਇ ॥੨॥੧੫॥
(ਮ: ੧, ਵਾਰ ਮਾਰੂ, ਪੰਨਾ ੧੦੯੧)

[ਬਾਕੀ ਦੇਖੋ ਸਫ਼ਾ ੨੭ ਦੇ ਹੇਠ]



www.AKJ.Org

# ਗੁਰੂ ਨਾਨਕ ਸੁਲਤਾਨਪੁਰ ਵਿਚ

[ਗਿ: ਗੋਪਾਲ ਸਿੰਘ ਜੀ 'ਮਿੱਤਰ', ਗੁੜਗਾਉਂ]

ਬਾਬੇ ਕਾਲੂ ਨੂੰ ਕਲਪਦਾ ਰੋਜ਼ ਤਕ ਕੇ, ਰਾਇ ਬੁਲਾਰ ਨੇ ਸੋਚ ਦੁੜਾਈ ਸੀਗੀ।
ਕਿਤੇ ਬਾਹਰ ਹੀ ਨਾਨਕ ਨੂੰ ਕੰਮ ਲਾਈਏ, ਸੋਚ ਸੋਚ ਕੇ ਵਿਉਂਤ ਬਣਾਈ ਸੀਗੀ।
ਬੇਬੇ ਨਾਨਕੀ ਪੇਕਿਆਂ ਮਿਲਣ ਆਈ, ਉਹਨੂੰ 'ਰਾਏ' ਨੇ ਘਰ ਬੁਲਾ ਕੇ ਤੇ।
ਧੀਏ ! ਤੈਨੂੰ ਮੈਂ ਇਕ ਸੁਝਾਉ ਦੇਵਾਂ, ਇੰਜ ਆਖਿਆ ਕੋਲ ਬਿਨਾ ਕੇ ਤੇ।
ਰੋਜ਼ ਨਾਨਕ ਤੇ ਪਿਤਾਂ ਨਾਰਾਜ਼ ਰਹਿੰਦੇ, ਕਹਿੰਦੇ ਇਹ ਮਖੱਟੂ ਨਹੀਂ ਕੰਮ ਕਰਦਾ।
ਇਹ ਤੇ ਦਾਨੀ ਸੁਭਾਵ ਦਾ ਪੁਤਰ ਮੇਰਾ, ਕਰਦਾ ਰਹੇ ਨੁਕਸਾਨ ਹੀ ਸਦਾ ਘਰ ਦਾ।
ਮੈਂ ਤੇ ਆਖਨਾ ਵਾਂ ਨਾਨਕ ਏਸ ਘਰ ਵਿਚ, ਆਪ ਧਾਰ ਕੇ ਰੱਬ ਅਵਤਾਰ ਆਇਐ।
ਸੱਚੀ ਗੱਲ ਏ ਲੋਕ-ਭਲਾਈ ਖ਼ਾਤਰ, ਰੂਪ ਧਾਰ ਕੇ ਤੇ ਪਰਵਦਗਾਰ ਆਇਐ।'
ਮੇਰਾ ਜੀ ਕਰਦੈ ਇਸ ਨੂੰ ਬਾਹਰ ਘੱਲਾਂ, ਕੰਮ ਕਰੇ ਕੋਈ ਕਿਸੇ ਥਾਂ ਜਾ ਕੇ।
ਜੇ ਤੂੰ ਇਹਨੂੰ ਸੁਲਤਾਨਪੁਰ ਲੈ ਜਾਵੇਂ, ਮੇਰੀ ਖ਼ੁਸ਼ੀ ਹੋਸੀ ਤੇਰੇ ਹੱਥ ਪਾ ਕੇ।
ਲੌ ਜੀ ਨਾਨਕ ਵੀ ਬੇਬੇ ਦੇ ਨਾਲ ਤੁਰਿਆ, ਪੁੱਜੇ ਘਰ ਜਾਂ ਪੁਰ ਸੁਲਤਾਨ ਅੰਦਰ।
ਵੇਖ ਜੀਜਾ ਜੈਰਾਮ ਪ੍ਰਸੰਨ ਹੋਇਆ, ਬੈਠਾ ਨਾਨਕ ਨੂੰ ਵੇਖ ਮੋਕਾਨ ਅੰਦਰ।
ਬੇਬੇ ਨਾਨਕੀ ਲਈ ਨਾਨਕ ਰੱਬ ਹੈਸੀ, ਖ਼ੁਸ਼ ਹੋਈ, ਘਰ ਮੇਰੇ ਕਰਤਾਰ ਆਇਐ।
ਭਾਗ ਲਾਣ ਖ਼ਾਤਰ ਮੇਰੇ ਵੇਹੜਿਆਂ ਨੂੰ, ਬਣ ਕੇ ਆਪ ਨਾਨਕ, ਨਿਰੰਕਾਰ ਆਇਐ।
ਸੇਵਾ ਵੀਰ ਦੀ ਕਰੇ ਪ੍ਰਸੰਨ ਹੋਵੇ, ਦਹੀਂ ਮੱਖਣ ਪਕਵਾਨ ਖੁਆ ਕੇ ਤੇ।
ਰੋਮ ਰੋਮ ਪਿਆਰ ਵਿਚ ਰਹੇ ਖਿੜਿਆ, ਵੀਰ ਪਿਆਰੇ ਨੂੰ ਭੋਜਨ ਛਕਾ ਕੇ ਤੇ।
ਇਕ ਦਿਨ ਕਿਹਾ ਜੈ ਰਾਮ ਨੇ ਨਾਨਕੀ ਨੂੰ, ਲੋਧੀ ਕੋਲ ਨਾਨਕ ਨੂੰ ਬਿਠਾ ਦੇਈਏ।
ਇਸ ਵੇਲੇ ਹੈ ਮੋਦੀ ਦੀ ਥਾਂ ਖ਼ਾਲੀ, ਜ਼ੋਰ ਪਾ ਕੇ ਮੁਨਸ਼ੀ ਲੁਆ ਦੇਈਏ।
ਚੰਗਾ ਆਦਮੀ ਸੀ ਦੌਲਤ ਖਾਨ ਲੋਧੀ, ਮੰਨ ਗਿਆ ਉਸ ਕੰਮ ਤੇ ਲਾ ਦਿੱਤਾ।
ਦੇ ਕੇ ਹੱਟ ਦੀ ਜਿਨਸ ਸਮਾਨ ਸਾਰਾ, 'ਮਿਤਰ' ਨਾਨਕ ਨੂੰ ਮੋਦੀ ਬਿਠਾ ਦਿੱਤਾ।
ਕੰਮ ਮੋਦੀ ਦਾ ਨਾਨਕ ਸੰਭਾਲਿਆ ਜਦ, ਜਾਗੇ ਭਾਗ ਸੁੱਤੇ, ਨਗਰ-ਵਾਸੀਆਂ ਦੇ।
ਖੇੜਾ ਆਣ ਵਸਿਆ ਸਾਰੇ ਸ਼ਹਿਰ ਅੰਦਰ, ਡੇਰੇ ਕੂਚ ਹੋ ਗਏ ਉਦਾਸੀਆਂ ਦੇ।
ਕੋਮਲ ਹੱਥਾਂ ਵਿਚ ਤੱਕੜੀ ਫੜੀ ਵੇਖੋ, ਤੇਰਾਂ ਤੇਰਾਂ ਦੀ 'ਵਾਜ ਵੀ ਆ ਰਹੀ ਏ।
ਕਿਤਨੀ ਦੇਰ ਹੋਈ 'ਨਾਜ ਤੁਲ ਰਿਹਾ ਏ, ਚੁਕ ਚੁਕ ਪੰਡਾਂ ਲੁਕਾਈ ਲਿਜਾ ਰਹੀ ਏ।

## ਮੋਦੀ ਗੁਰੂ ਨਾਨਕ

ਗੁਰੂ ਨਾਨਕ ਸੁਲਤਾਨ ਪੁਰੇ ਵਿਚ ਬੈਠ ਕੇ, ਨਾਮ ਦੀ ਵੇਈਂ ਵਗਾਈ।
ਦੌਲਤ ਖਾਨ ਦਾ ਹੱਟ ਸੰਭਾਲ ਕੇ ਮੋਦੀ ਬਣੇ, ਸੋਹਣੀ ਕਾਰ ਚਲਾਈ।
ਭੁੱਖੇ ਨੂੰ ਭੋਜਨ ਤੇ ਨੰਗੇ ਨੂੰ ਬਸਤਰ ਦੇ ਦੇ ਕੇ, ਜਨਤਾ ਗਰੀਬ ਰਜਾਈ।
ਜਾਏ ਸੁਆਲੀ ਨ ਕੋਈ ਵੀ ਖ਼ਾਲੀ, ਜੋ ਮੂੰਹੋਂ ਮੰਗੇ ਮਿਲੇ ਦਾਤ ਸਵਾਈ।
ਚੁਗਲਾਂ ਨੇ ਚੁਕ ਚੁਕ ਕੇ ਲੋਧੀ ਨੂੰ 'ਮਿੱਤਰ' ਹੱਟੀ ਦਾ ਲੇਖਾ ਕਰਾਇਆ ਕਈ ਵਾਰੀ।
ਜਗਤ ਆਧਾਰ ਦਾਤਾਰ ਗੁਰੂ ਨਾਨਕ ਦਾ, ਵਾਧਾ ਨਿਕਲਦਾ ਰਿਹਾ ਹਰ ਵਾਰੀ।


www.AKJ.Org

ਸਹੰਸ੍ਰ ਗੁਣਾ ਹੋ ਕੇ ਦਾਨ ਫਲੇ, ਜਿਥੇ ਆਪ ਨਾਰਾਇਣ ਜੀ ਹੋਣ ਭੰਡਾਰੀ।
ਮਾਇਆ ਖੜੀ ਹੱਥ ਜੋੜ ਕੇ ਚਰਨਾਂ 'ਚ ਬੱਧੀ ਹੁਕਮ ਦੀ ਕਰੇ ਇੰਤਜ਼ਾਰੀ।
ਏਦਾਂ ਹੀ ਕਾਰ ਚਲੀ ਨਿਸਦਿਨ, ਬਾਰ੍ਹਾਂ ਸਾਲ ਦਾ ਏਥੇ ਹੀ ਸਮਾਂ ਲੰਘਾਇਆ।
ਨਾਨਕੀ ਭੈਣ ਤੇ ਜੀਜਾ ਜੈਰਾਮ ਨੇ, ਕੀਤਾ ਪਿਆਰ ਵਟਾਲੇ ਵਿਆਹਿਆ।
ਏਥੇ 'ਸਿਰੀ ਚੰਦ' 'ਲਖਮੀ' ਜੀ ਜਨਮੇ, ਜਿਨ੍ਹਾਂ ਨੇ ਹੈ ਜਗ ਵਿਚ 'ਬਾਬਾ' ਕਹਾਇਆ।
ਨਿਰੰਕਾਰ ਦਾ ਦਰਸ ਪਾਇਆ ਇਸੇ ਥਾਂ, ਸਦਾ ਲਈ ਨਦੀ 'ਵੇਈਂ' ਨੂੰ ਭਾਗ ਲਾਇਆ।
ਅਨੇਕਾਂ ਹੀ ਜੀਵਾਂ ਨੂੰ ਜੀਅ ਦਾਨ ਦਿੱਤਾ, ਤੇ ਏਥੇ 'ਭਗੀਰਥ' ਜਹੇ ਕਈ ਉਧਾਰੇ।
ਏਥੇ ਹੀ 'ਮਨਸੁਖ' ਚਰਨ-ਰਜ ਪਰਸੀ ਤੇ ਹੋਈ ਮਿਹਰ ਕੀਤੇ ਰਜ ਰਜ ਦੀਦਾਰੇ।
ਏਥੇ ਹੀ 'ਲੋਧੀ' ਤੇ ਕਾਜ਼ੀ ਦੇ ਮਨ ਦੀ ਹਕੀਕਤ ਬੁਝੀ ਬਣ ਨਿਮਾਜ਼ੀ ਉਹ ਤਾਰੇ।
ਇਸੇ ਥਾਂ ਤੋਂ ਹੀ ਜਗ ਜਲੰਦੇ ਨੂੰ ਠਾਰਨ ਲਈ 'ਮਿੱਤਰ' ਬਾਬੇ ਨੇ ਕੀਤੇ ਤਿਆਰੇ।

---

# ਹੇ ਗੁਰੂ ਨਾਨਕ !

[ਸ: ਸੁਰਜੀਤ ਸਿੰਘ ਜੀ 'ਸਾਜਨ', 629-ਈ, ਭਾ: ਰਣਧੀਰ ਸਿੰਘ ਨਗਰ, ਲੁਧਿਆਣਾ]

ਹੇ ਗੁਰੂ ਨਾਨਕ ! ਅੱਜ ਮੁੜ ਨਨਕਾਣਾ ਵਸਾ ਆ ਕੇ।
ਸੌਂ ਗਈ ਏ ਮਨੁੱਖਤਾ, ਮੁੜ ਇਸ ਨੂੰ ਜਗਾ ਆ ਕੇ।
ਉਸ ਵੇਲੇ ਇੱਕ ਸੱਜਣ, ਅੱਜ ਸੈਆਂ ਹੋ ਗਏ ਨੇ,
ਇਨ੍ਹਾਂ ਸਭਨਾਂ ਨੂੰ, ਆਪੇ ਦੀ ਪਹਿਚਾਣ ਕਰਾ ਆ ਕੇ।
ਅੱਜ ਕਈ ਮਰਦਾਨੇ, ਕੌਡੇ ਦੀ ਪਕੜ ਵਿਚ ਆਏ ਨੇ,
ਛੇਤੀ ਕਰ, ਹੇ ਦਾਤਾ ! ਉਨ੍ਹਾਂ ਨੂੰ ਛੁੜਾ ਆ ਕੇ।
ਅੱਜ ਲਾਲੋ ਕਿਰਤੀ ਨੂੰ, ਕੋਈ ਪੁੱਛਦਾ ਹੀ ਨਹੀਂ ਹੈ,
ਪਾ ਫੇਰਾ ਤੇ ਉਹਦੀ, ਪ੍ਰਤੀਤ ਕਰਾ ਆ ਕੇ।
ਅੱਜ ਮੁੜ ਬਾਬਰ ਜਿਹੇ, ਜਾਬਰਾਂ ਦਾ ਰਾਜ ਹੈ,
ਮੁੜ 'ਖੂਨ ਕੇ ਸੋਹਿਲੇ' ਦਾ ਸ਼ਬਦ ਅਲਾ ਆ ਕੇ।
ਅੱਜ ਚਿੱਟੇ ਦਿਨ, ਸੱਚ ਨੂੰ, ਫਾਂਸੀ ਚੜ੍ਹਾਇਆ ਜਾ ਰਿਹੈ,
ਕਰ ਮੇਹਰ ਸੱਚ ਨੂੰ, ਕਸਾਈਆਂ ਤੋਂ ਬਚਾਅ ਆ ਕੇ।
ਅੱਜ ਸਕਤਾ ਸ਼ੀਂਹ ਮੁੜ ਕੇ ਗਊਆਂ ਨੂੰ ਖਾ ਰਿਹਾ,
ਮੇਰੇ ਬਾਪੂ ! ਉਸ ਬਾਪੂ ਤੱਕ ਦਰਦ ਪੁਚਾਅ ਆ ਕੇ।
ਜ਼ਹਿਰ ਵੰਡੀਂਦਾ ਪਿਆ ਏ, ਸਾਰੀ ਮਨੁੱਖਤਾ ਨੂੰ,
ਜਲਦੀ ਮਨੁੱਖਤਾ ਨੂੰ, ਪਿਆਰ ਦਾ ਅੰਮ੍ਰਿਤ ਪਿਲਾ ਆ ਕੇ।
ਅੱਜ ਲੈ ਕੇ ਮੁੜ ਮਰਦਾਨੇ ਨੂੰ, ਰਬਾਬ ਦੀ ਤਾਰ ਛੇੜ,
'ਸਾਜਨ' ਮੁੜ ਅੰਮ੍ਰਿਤ ਬਾਣੀ ਦਾ ਮੀਂਹ ਵਰ੍ਹਾ ਆ ਕੇ।


www.AKJ.Org

# ਮਨੁਖਤਾ ਦੇ ਰਹਿਬਰ ਗੁਰੂ ਨਾਨਕ ਦੇਵ

[ਗਿਆਨੀ ਜੰਗ ਸਿੰਘ ਜੀ, 155 ਵਿਲੀਅਮਜ਼ ਕੋਰਟ, ਫ਼ਰੇਮੌਂਟ, ਸੀ ਏ 94536, ਅਮਰੀਕਾ]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦਵਾਰਾ ਜੋ ਰੂਹਾਨੀਅਤ ਦਾ ਪ੍ਰਕਾਸ਼ ਕੀਤਾ ਹੈ ਉਹ ਸਾਰੀ ਮਨੁਖਤਾ ਵਾਸਤੇ ਹੈ। ਜਦੋਂ ਕੋਈ ਲੇਖਕ ਗੁਰੂ ਨਾਨਕ ਦੇਵ ਜੀ ਨੂੰ ਕੇਵਲ ਸਿੱਖਾਂ ਦੇ ਗੁਰੂ ਕਹਿੰਦਾ ਹੈ ਤਾਂ ਉਹ ਉਸ ਰੂਹਾਨੀਅਤ ਦੇ ਸੂਰਜ ਨੂੰ ਕੁਨਾਲੀ ਹੇਠ ਦੇ ਕੇ ਢੱਕਣ ਦਾ ਯਤਨ ਕਰਦਾ ਹੈ। ਇਹ ਤਾਂ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਇਕ ਬਹੁਤ ਹੀ ਛੋਟੇ ਦਾਇਰੇ ਵਿਚ ਸੀਮਤ ਕਰਨ ਵਾਲੀ ਮੂਰਖਤਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨੂੰ ਸੂਰਜ ਦੇ ਚੜ੍ਹਨ ਨਾਲ ਉਪਮਾ ਦਿੱਤੀ ਹੈ। ਇਹ ਉਪਮਾ ਵੀ ਇਕ-ਅਗੀ ਹੈ। ਉਨ੍ਹਾਂ ਦਾ ਭਾਵ ਇਹ ਸੀ ਕਿ ਜਿਵੇਂ ਸੂਰਜ ਦਾ ਪ੍ਰਕਾਸ਼ ਸਭ ਲਈ ਸਾਂਝਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਵਲੋਂ ਕੀਤਾ ਗਿਆ ਰੂਹਾਨੀਅਤ ਦਾ ਪ੍ਰਕਾਸ਼ ਵੀ ਸਾਰੀ ਮਨੁਖਤਾ ਲਈ ਸਾਂਝਾ ਵਿਰਸਾ ਹੈ।

ਪ੍ਰੰਤੂ ਇਸ ਬ੍ਰਹਿਮੰਡ ਦੇ ਸੂਰਜ ਵਿਚ ਤੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਏ ਰੂਹਾਨੀਅਤ ਦੇ ਸੂਰਜ ਵਿਚ ਬਹੁਤ ਅੰਤਰ ਹੈ। ਇਸ ਬ੍ਰਹਿਮੰਡ ਦਾ ਸੂਰਜ ਕੇਵਲ ਇਕ ਬ੍ਰਹਿਮੰਡ ਨੂੰ ਹੀ ਬਾਹਰਮੁਖੀ ਪ੍ਰਕਾਸ਼ ਦੇ ਸਕਦਾ ਹੈ, ਪਰ ਗੁਰੂ ਨਾਨਕ ਦੇਵ ਜੀ ਵਲੋਂ ਗੁਰਬਾਣੀ ਦਵਾਰਾ ਦਿਤਾ ਗਿਆ ਰੂਹਾਨੀਅਤ ਦਾ ਪ੍ਰਕਾਸ਼ ਕੋਟ ਬ੍ਰਹਿਮੰਡਾਂ ਵਿਚ ਉਜਿਆਰਾ ਕਰ ਸਕਦਾ ਹੈ। ਇਸ ਬ੍ਰਹਿਮੰਡ ਦਾ ਸੂਰਜ ਕਿਸੇ ਇਕ ਵੀ ਮਨੁਖ ਦੇ ਅਗਿਆਨ ਦੇ ਅੰਧੇਰੇ ਨੂੰ ਦੂਰ ਨਹੀਂ ਕਰ ਸਕਦਾ, ਜਦ ਕਿ ਗੁਰੂ ਨਾਨਕ ਦਾ ਰੂਹਾਨੀਅਤ ਦਾ ਪ੍ਰਕਾਸ਼ ਕਰੋੜਾਂ ਮਨੁਖਾਂ ਦੇ ਹਿਰਦੇ ਵਿਚ ਪ੍ਰਕਾਸ਼ ਕਰ ਕੇ ਉਨ੍ਹਾਂ ਦਾ ਅਗਿਆਨ-ਹਨੇਰਾ ਦੂਰ ਕਰ ਸਕਦਾ ਹੈ।

ਇਸ ਅੰਤਰ ਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਨਭਵ ਕੀਤਾ। ਉਨ੍ਹਾਂ ਸ੍ਰੀ ਆਸਾ ਜੀ ਦੀ ਵਾਰ ਵਿਚ ਫ਼ੁਰਮਾਇਆ ਹੈ—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥ (੪੬੩)

ਭਾਵ, ਜੇ ਸੈਂਕੜੇ ਚੰਦਰਮਾਂ ਤੇ ਹਜ਼ਾਰਾਂ ਸੂਰਜ ਚੜ੍ਹ ਪੈਣ ਤਦ ਵੀ ਉਹ ਮਨੁਖਤਾ ਦੇ ਅਗਿਆਨ ਦੇ

---

[ਸਫ਼ਾ ੨੪ ਦੀ ਬਾਕੀ]

ਮਨ ਨਾਮ ਵਿਚ ਰਤਾ ਜਾਣ ਤੇ ਹਿਰਦੇ ਅੰਦਰ ਸੁਗੰਧੀ ਦਾ ਐਸਾ ਨਾਫ਼ਾ ਖਿੜਦਾ ਹੈ ਕਿ ਅੰਦਰਲਾ ਸੁਗੰਧੀ ਨਾਲ ਸਰਸ਼ਾਰ ਹੋ ਜਾਂਦਾ ਹੈ, ਜਿਸ ਦੀ ਕਿ ਕੀਮਤ ਬਿਆਨ ਨਹੀਂ ਕੀਤੀ ਜਾ ਸਕਦੀ।

ਜਿਹੜਾ ਨਾਮ ਵਾਸਤਵ ਵਿਚ ਅਦੁੱਤੀ ਤੇ ਦੁਰਲੱਭ ਹੈ, ਉਸ ਦੇ ਭੁੰਚਣ ਦਾ ਟਿਕਾਣਾ ਆਨੰਦ ਭਵਨ ਜਾਂ ਸਤਸੰਗਤਿ ਹੈ। ਉਥੇ ਰਾਗ ਨਾਦ ਤੇ ਫ਼ਿਲਮੀ ਗੀਤ ਨਹੀਂ ਗਾਏ ਜਾਂਦੇ, ਕੇਵਲ ਸ਼੍ਰੋਮਣੀ ਸ਼ਬਦ, ਪੰਚ ਸ਼ਬਦ ਦੀ ਲਗਾਤਾਰ ਅਖੰਡਾਕਾਰ, ਅਨਹਦ ਧੁਨੀ ਦਾ ਅਲਾਪ ਹੀ ਹੁੰਦਾ ਹੈ। ਇਸ ਸਮਾਗਮ ਵਿਚ ਸੰਤ ਜਨ ਅਡੋਲ ਅਵਸਥਾ ਵਿਚ, ਪ੍ਰੇਮ-ਹੁਲਾਰਿਆਂ ਵਿਚ ਮਸਤ, ਭਾਉ-ਭੋਜਨ ਛਕਦੇ ਤੇ ਅਕਹਿ ਖੇੜੇ ਦਾ ਰੰਗ ਮਾਣਦੇ ਹਨ। ਇਸ ਪ੍ਰਤੀ ਪੰਚਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ—

ਸੂਖ ਸਹਜ ਆਨੰਦ ਭਵਨ ॥
ਸਾਧ ਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ ॥੧॥ਰਹਾਉ॥
ਊਹਾ ਸਿਮਰਹਿ ਕੇਵਲ ਨਾਮੁ ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥
ਭੋਜਨੁ ਭਾਉ ਕੀਰਤਨ ਆਧਾਰੁ ॥ ਨਿਹਚਲ ਆਸਨੁ ਬੇਸੁਮਾਰੁ ॥੨॥
ਡਿਗੈ ਨ ਡੋਲੈ ਕਤਹੂ ਨ ਧਾਵੈ ॥ ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥ (੮੮੮-੮੮੯)


www.AKJ.Org

ਹਨੇਰੇ ਨੂੰ ਦੂਰ ਨਹੀਂ ਕਰ ਸਕਦੇ। ਉਸ ਹਨੇਰੇ ਨੂੰ ਤਾਂ ਕੇਵਲ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ਿਆ ਹੋਇਆ ਰੂਹਾਨੀਅਤ ਦਾ ਪ੍ਰਕਾਸ਼ ਹੀ ਦੂਰ ਕਰ ਸਕਦਾ ਹੈ। ਇਸ ਲਈ ਜਿਵੇਂ ਮਾਦੀ ਜਗਤ ਦੇ ਹਨੇਰੇ ਨੂੰ ਦੂਰ ਕਰਨ ਲਈ ਸੂਰਜ ਦੀ ਲੋੜ ਹੈ, ਚੰਦਰਮਾ ਦੀ ਲੋੜ ਹੈ, ਉਸੇ ਤਰ੍ਹਾਂ ਮਨੁਖਤਾ ਦੇ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿਚ ਬਖਸ਼ੇ ਗਏ ਰੂਹਾਨੀਅਤ ਦੇ ਪ੍ਰਕਾਸ਼ ਦੀ ਲੋੜ ਹੈ, ਜੋ ਸਾਰੇ ਖੰਡਾਂ ਬ੍ਰਹਿਮੰਡਾਂ ਵਿਚੋਂ ਅਗਿਆਨ ਦਾ ਹਨੇਰਾ ਦੂਰ ਕਰਨ ਲਈ ਸਮਰੱਥ ਹੈ। ਸਾਡੀ ਸੀਮਤ ਦ੍ਰਿਸ਼ਟੀ ਤਾਂ ਇਸ ਇਕ ਬ੍ਰਹਿਮੰਡ ਨੂੰ ਵੀ ਪੂਰੀ ਤਰ੍ਹਾਂ ਨਹੀਂ ਵੇਖ ਸਕਦੀ, ਪ੍ਰੰਤੂ ਗੁਰੂ-ਬਾਣੀ ਵਿਚ ਉਸ ਪ੍ਰਮੇਸ਼ਰ ਨੂੰ—

ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ॥੧॥੧੩॥ (੬੧੨)

ਕਿਹਾ ਗਿਆ ਹੈ। ਜਿਵੇਂ ਪ੍ਰਮੇਸ਼ਰ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਉਸੇ ਤਰ੍ਹਾਂ ਉਸ ਦਾ ਪਵਿਤਰ ਨਾਮ ਵੀ ਅਤੇ ਰੂਹਾਨੀਅਤ ਦਾ ਪ੍ਰਕਾਸ਼ ਵੀ ਸਭ ਥਾਈਂ ਵਿਆਪਕ ਹੈ। ਉਸ ਪ੍ਰਮੇਸ਼ਰ ਨੇ ਉਨ੍ਹਾਂ ਕੋਟ ਬ੍ਰਹਿਮੰਡਾਂ ਵਿਚ ਵਸਦੇ ਜੀਵਾਂ ਦਾ ਉਧਾਰ ਕਰਨ ਲਈ ਨਾਮ-ਸਿਮਰਨ ਤੇ ਭਗਤੀ ਦੇ ਭੰਡਾਰ ਗੁਰੂ ਨਾਨਕ ਨੂੰ ਸੌਂਪੇ ਹਨ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਗੁਰਬਾਣੀ ਦੇ ਰੂਪ ਵਿਚ ਰੂਹਾਨੀਅਤ ਦਾ ਪ੍ਰਕਾਸ਼ ਵੀ ਸ੍ਰੀ ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਹੀ ਕਰਨ ਦੀ ਡਿਊਟੀ ਲਾਈ ਗਈ ਹੈ।

ਇਸ ਕਰਕੇ ਗੁਰੂ ਜੀ ਦਾ ਆਗਮਨ-ਪੁਰਬ ਮਨਾਉਣ ਦਾ ਸਹੀ ਢੰਗ ਇਹ ਹੈ ਕਿ ਅਸੀਂ ਆਪਣੇ ਜ਼ਿੰਮੇ ਲਾਏ ਗਏ ਇਸ ਫ਼ਰਜ਼ (ਡਿਊਟੀ) ਦਾ ਅਨਭਵ ਕਰੀਏ ਤੇ ਗੁਰਬਾਣੀ ਨੂੰ ਸਾਰੇ ਸੰਸਾਰ ਵਿਚ ਪ੍ਰਚਾਰ ਕੇ ਮਨੁਖਤਾ ਦੇ ਦਿਲਾਂ ਵਿਚ ਫੈਲੇ ਹੋਏ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰੀਏ। ਇਸ ਹਨੇਰੇ ਕਾਰਨ ਹੀ ਮਨੁਖਤਾ ਵਿਚ ਨਸਲੀ, ਮਜ਼ਹਬੀ, ਤੇ ਮੁਲਕੀ ਵਿਤਕਰੇ ਪੈਦਾ ਹੁੰਦੇ ਹਨ ਅਤੇ ਮਨੁਖਤਾ ਦੀਆਂ ਵੰਡੀਆਂ ਪਾ ਕੇ ਉਨ੍ਹਾਂ ਨੂੰ ਇਕ ਦੂਜੇ ਨਾਲ ਲੜਾਇਆ ਜਾਂਦਾ ਹੈ। ਜੇ ਇਹ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਵੇ ਤਾਂ ਸਾਰੀ ਮਨੁਖਤਾ ਵਿਚ ਪੂਰਨ ਏਕਤਾ, ਅਮਨ ਤੇ ਖੁਸ਼ਹਾਲੀ ਦਾ ਨਵਾਂ ਦੌਰ ਸ਼ੁਰੂ ਹੋ ਸਕਦਾ ਹੈ।

ਇਸੇ ਮਨੋਰਥ ਦੀ ਪੂਰਤੀ ਲਈ ਪ੍ਰਮੇਸ਼ਰ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਸਾਰ ਵਿਚ ਭੇਜਿਆ ਤੇ ਇਸੇ ਮਨੋਰਥ ਦੀ ਪੂਰਤੀ ਦਾ ਫ਼ਰਜ਼ ਉਨ੍ਹਾਂ ਨੇ ਆਪਣੇ ਸਿੱਖਾਂ ਦੇ ਜ਼ਿੰਮੇ ਲਾਇਆ ਹੈ। ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਗੁਰੂ ਜੀ ਦੀ ਬਾਣੀ ਨਿਤ ਪੜ੍ਹਨ ਵਾਲੇ ਗੁਰਸਿੱਖਾਂ ਵਿਚੋਂ ਵੀ ਇਸ ਫ਼ਰਜ਼ ਦਾ ਅਹਿਸਾਸ ਬਹੁਤ ਥੋੜੇ ਸਿੱਖਾਂ ਨੂੰ ਹੈ। ਸਿੱਖਾਂ ਦੀ ਬਹੁ-ਗਿਣਤੀ ਤਾਂ ਸੰਕੀਰਣ ਬ੍ਰਿਤੀਆਂ ਦਾ ਸ਼ਿਕਾਰ ਹੋ ਕੇ ਆਪਣੇ ਇਸ ਫ਼ਰਜ਼ ਨੂੰ ਭੁਲਾਈ ਜਾ ਰਹੀ ਹੈ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਵਲੋਂ ਮੂੰਹ ਮੋੜ ਕੇ ਮਰਨ ਮਾਰਨ ਦੇ ਕੁਰਾਹੇ ਪਈ ਹੋਈ ਹੈ। ਗੁਰੂ ਜੀ ਤਾਂ— ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥੫੩॥ (੭੪੯) ਦਾ ਉਦੇਸ਼ ਲੈ ਕੇ ਆਏ ਸਨ, ਜਿਸ ਵੱਲ ਸਾਨੂੰ ਧਿਆਨ ਦੇਣ ਦੀ ਲੋੜ ਹੈ ਤੇ ਸੱਚੇ ਮਾਰਗ ਤੇ ਚਲ ਕੇ ਹੀ ਇਹ ਉਦੇਸ਼ ਪੂਰਾ ਕੀਤਾ ਜਾ ਸਕਦਾ ਹੈ।

---

## ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ।

੫. ਪੀੜਤ ਪਰਵਾਰ ਫੰਡ ਦੀ ਰਕਮ 'ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਕਿਸੇ ਜ਼ਾਤੀ ਨਾਂ ਤੇ ਨਾ ਭੇਜੋ।

੬. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/–ਰੁਪਏ ਅਤੇ ਵਡੀਆਂ ਰਕਮਾਂ ਲਈ 20/–ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੦)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਸ਼ਾਹੀ ਲਸ਼ਕਰ ਹੁਣ ਬੜੀ ਸਜ ਧਜ ਨਾਲ ਲਾਹੌਰ ਵਲ ਜਾ ਰਿਹਾ ਸੀ। ਬੰਦਾ ਸਿੰਘ ਤੇ ਉਸ ਦੇ ਸਾਥੀ ਭਾਵੇਂ ਕੈਦ ਕੀਤੇ ਹੋਏ ਸਨ ਪਰ ਲਸ਼ਕਰੀਆਂ ਦੇ ਦਿਲਾਂ ਵਿਚ ਉਨ੍ਹਾਂ ਦਾ ਤਰੁਹ ਉਸੇ ਤਰ੍ਹਾਂ ਕਾਇਮ ਸੀ। ਬੰਦਾ ਸਿੰਘ ਦੀ ਕਰਾਮਾਤੀ ਤਾਕਤਾਂ ਦਾ ਭੈ ਉਨ੍ਹਾਂ ਦੇ ਮਨਾਂ ਨੂੰ ਇੰਜ ਚੋਟ ਰਿਹਾ ਸੀ ਕਿ ਬੰਦਾ ਸਿੰਘ ਸੜਕੇ ਜਾਂਦਾ ਹੋਇਆ ਕਿਧਰੇ ਬਚ ਕੇ ਅਲੋਪ ਨਾ ਹੋ ਜਾਏ। ਇਸ ਲਈ ਉਨ੍ਹਾਂ ਨੂੰ ਲੋਹੇ ਦੇ ਮਜ਼ਬੂਤ ਪਿੰਜਰੇ ਵਿਚ ਪਾ ਕੇ ਅੰਦਰਵਾਰੋਂ ਚਹੁੰ ਮੋਟੇ ਸੰਗਲਾਂ ਨਾਲ ਬਧਾ ਹੋਇਆ ਸੀ। ਉਸ ਦੇ ਪੈਰੀਂ ਬੇੜੀਆਂ, ਗੋਡਿਆਂ ਦੁਆਲੇ ਕੜੇ, ਲੱਕ ਦੁਆਲੇ ਸੰਗਲ ਅਤੇ ਗਲ ਵਿਚ ਲੋਹੇ ਦੇ ਕੁੰਡਲ ਪਾਏ ਹੋਏ ਸਨ। ਇਨ੍ਹਾਂ ਕੁੰਡਲਾਂ ਨੂੰ ਲਕੜੀ ਦੇ ਮਜ਼ਬੂਤ ਮੋਟੇ ਡੰਡਿਆਂ ਨਾਲ ਜਕੜਿਆ ਹੋਇਆ ਸੀ ਤਾਂਕਿ ਉਹ ਹਿਲ ਜੁਲ ਕਰਕੇ ਸੰਗਲ ਨਾ ਤੁੜਵਾ ਲਵੇ। ਪਿੰਜਰੇ ਨੂੰ ਚਾਰ ਚੁਫੇਰਿਓਂ ਮੋਟੇ ਸੰਗਲਾਂ ਦੇ ਪੇਟੀ-ਬੰਦ ਪਾਏ ਹੋਏ ਸਨ। ਇਸ ਨਾਲ ਵੀ ਮੁਗ਼ਲ ਸਿਪਾਹ-ਸਾਲਾਰਾਂ ਨੂੰ ਤਸੱਲੀ ਨਹੀਂ ਸੀ ਹੋਈ। ਇਸ ਲਈ ਉਸੇ ਹਾਥੀ ਉਤੇ ਪਿੰਜਰੇ ਦੇ ਨਾਲ ਦੋਹੀਂ ਪਾਸੀਂ ਦੋ ਮੁਗ਼ਲ ਸਰਦਾਰਾਂ ਦੇ ਲੱਕਾਂ ਨੂੰ ਸੰਗਲ ਪਾ ਕੇ ਬੱਧਾ ਹੋਇਆ ਸੀ ਤੇ ਦੋਹਾਂ ਦੇ ਹੱਥਾਂ ਵਿਚ ਨੰਗੀਆਂ ਤਲਵਾਰਾਂ ਸਨ, ਤਾਂਕਿ ਉਹ ਪਿੰਜਰੇ ਚੋਂ ਨਿਕਲਣ ਲੱਗੇ ਬੰਦਾ ਸਿੰਘ ਦਾ ਕੰਮ ਤਮਾਮ ਕਰ ਦੇਣ। ਬੰਦਾ ਸਿੰਘ ਦੇ ਸਾਥੀ ਜਥੇਦਾਰਾਂ ਤੇ ਹੋਰ ਉਘੇ ਸੂਰਮਿਆਂ ਨੂੰ ਪੈਰੀਂ ਬੇੜੀਆਂ ਪਾਈਆਂ ਹੋਈਆਂ ਸਨ ਤੇ ਗਲਾਂ ਵਿਚ ਤੌਕ ਪਾ ਕੇ ਉਨ੍ਹਾਂ ਦਾ ਇਕ ਇਕ ਹੱਥ ਉਸ ਦੀ ਲੱਕੜ ਵਿਚ ਕੱਸਿਆ ਹੋਇਆ ਸੀ। ਇਨ੍ਹਾਂ ਨੂੰ ਲੰਡੇ ਲੂੰਢੇ, ਸੜੇ ਸੁਕੇ ਤੇ ਮਰੀਅਲ ਜਿਹੇ ਖੋਤਿਆਂ, ਟਟੂਆਂ ਅਤੇ ਅਲਾਣੇ ਊਠਾਂ ਉਤੇ ਚੜ੍ਹਾਇਆ ਹੋਇਆ ਸੀ। ਉਨ੍ਹਾਂ ਦੇ ਮੂੰਹ ਸਿਰ ਘਟੇ ਨਾਲ ਭਰ ਕੇ ਸਿਰਾਂ ਉਤੇ ਕਾਗਜ਼ਾਂ ਦੀਆਂ ਨੋਕਦਾਰ ਟੋਪੀਆਂ ਪਾਈਆਂ ਹੋਈਆਂ ਸਨ। ਇਸ ਤਰ੍ਹਾਂ ਇਨ੍ਹਾਂ ਨੂੰ ਇਕ ਟੋਲੇ ਵਿਚ ਇਕੱਠਾ ਕਰ ਕੇ ਬੰਦਾ ਸਿੰਘ ਦੇ ਹਾਥੀ ਦੇ ਪਿਛੇ ਤੋਰਿਆ ਹੋਇਆ ਸੀ। ਇਨ੍ਹਾਂ ਦੇ ਅੱਗੇ ਢੋਲ ਅਤੇ ਵਾਜਾ ਵਜਦਾ ਜਾ ਰਿਹਾ ਸੀ। ਇਨ੍ਹਾਂ ਦੇ ਪਿਛੇ ਮੁਗ਼ਲ ਘੋੜ-ਸਵਾਰ ਸਨ, ਜਿਨ੍ਹਾਂ ਨੇਜ਼ਿਆਂ ਉਤੇ ਸਿਰ ਟੰਗੇ ਹੋਏ ਸਨ। ਇਨ੍ਹਾਂ ਦੇ ਪਿਛੇ ਬਾਦਸ਼ਾਹੀ ਅਮੀਰ, ਫ਼ੌਜਦਾਰ ਅਤੇ ਹਿੰਦੂ ਰਾਜੇ ਆਪਣੀਆਂ ਆਪਣੀਆਂ ਫ਼ੌਜਾਂ ਸਮੇਤ ਜਾ ਰਹੇ ਸਨ। ਇਹ ਲਾਮ ਲਸ਼ਕਰ ਕਈ ਮੀਲਾਂ ਵਿਚ ਫੈਲਿਆ ਹੋਇਆ ਸੀ।

ਜਦ ਇਹ ਜਲੂਸ ਲਾਹੌਰ ਲਾਗੇ ਪੁਜਾ ਤਾਂ ਇਸ ਤਮਾਸ਼ੇ ਨੂੰ ਵੇਖਣ ਲਈ ਲੋਕੀ ਸ਼ਹਿਰੋਂ ਬਾਹਰ ਨਿਕਲ ਆਏ ਅਤੇ ਮੀਲਾਂ ਤੀਕ ਸੜਕ ਦੇ ਦੋਹੀਂ ਪਾਸੀਂ ਕਤਾਰਾਂ ਵਿਚ ਖੜੇ ਹੋ ਗਏ। ਜਿਨ੍ਹਾਂ ਨੂੰ ਬਾਹਰ ਜਗ੍ਹਾ ਨਾ ਮਿਲੀ, ਉਹ ਬਾਜ਼ਾਰਾਂ ਵਿਚ ਹੀ ਖੜੇ ਹੋ ਗਏ। ਜੋ ਬਾਹਰ ਨਾ ਜਾ ਸਕੇ, ਉਹ ਬਾਜ਼ਾਰ ਨਾਲ ਲਗਦਿਆਂ ਕੋਠਿਆਂ ਦੀਆਂ ਛੱਤਾਂ ਉੱਤੇ ਚੜ੍ਹ ਗਏ। ਸੜਕਾਂ, ਗਲੀਆਂ, ਬਾਜ਼ਾਰ ਤੇ ਕੋਠਿਆਂ ਦੀਆਂ ਛੱਤਾਂ ਮਨੁੱਖੀ ਸਿਰਾਂ ਦਾ ਠਾਠਾਂ ਮਾਰਦਾ ਸਮੁੰਦਰ ਬਣਿਆ ਹੋਇਆ ਸੀ। ਇਸ ਤਰ੍ਹਾਂ ਅਧਮੋਏ ਕੈਦੀਆਂ, ਜਿਨ੍ਹਾਂ ਨੂੰ ਬੁਰੀ ਤਰ੍ਹਾਂ ਜ਼ੰਜੀਰਾਂ ਨਾਲ ਜਕੜਿਆ ਹੋਇਆ ਸੀ, ਕਤਲ ਕੀਤੇ ਸਿੰਘਾਂ ਦੇ ਲਹੂ ਨਾਲ ਗੜੁਚ ਸਿਰਾਂ ਤੇ ਹਵਾ ਵਿਚ ਲਹਿਰਾਂਦੇ ਹੋਏ ਉਨ੍ਹਾਂ ਦੇ ਕੇਸ, ਜੋ ਨੇਜ਼ਿਆਂ ਉਤੇ ਟੰਗੇ ਹੋਏ ਸਨ, ਦੇ ਜਲੂਸ ਨਾਲ, ਸੂਬੇਦਾਰ ਅਬਦੁੱਸਮਦ ਖਾਨ, ਹੈਂਕੜ ਵਿਚ ਫੁੰਕਾਰਦਾ ਹੋਇਆ ਆਪਣੀ ਰਾਜਧਾਨੀ ਲਾਹੌਰ ਵਿਚ ਦਾਖ਼ਲ ਹੋਇਆ।[੧]

ਜਰਨੈਲਾਂ ਤੇ ਸ਼ਾਹੀ ਲਸ਼ਕਰ ਨੇ ਕੁਝ ਦਿਨ ਲਾਹੌਰ ਵਿਖੇ ਆਰਾਮ ਕੀਤਾ। ਅਬਦੁਸੱਮਦ ਖਾਨ ਦੀ ਤੀਬਰ ਇੱਛਾ ਸੀ ਕਿ ਆਪਣੇ ਏਡੇ ਵਡੇ ਕੈਦੀ ਨੂੰ, ਜਿਸ ਨੇ ਛੇ ਸਾਲ ਤਕ ਮੁਗ਼ਲ ਹਕੂਮਤ ਦਾ ਜੀਊਣਾ ਹਰਾਮ ਕਰ ਛਡਿਆ ਸੀ, ਨੂੰ ਆਪ ਦਿੱਲੀ ਲੈ ਜਾ ਕੇ ਬਾਦਸ਼ਾਹ ਦੇ ਸਾਮ੍ਹਣੇ ਪੇਸ਼ ਕਰੇ, ਇਨਾਮ ਇਕਰਾਮ ਪਾਵੇ ਤੇ ਸਾਰੇ ਦਰਬਾਰੀਆਂ ਉਤੇ ਆਪਣੀਆਂ ਧੌਂਸ ਕਾਇਮ ਕਰੇ। ਇਸ ਲਈ ਤੇਜ਼ ਰਫ਼ਤਾਰ ਕਾਸਿਦ ਭੇਜ ਕੇ



www.AKJ.Org

ਬਾਦਸ਼ਾਹ ਪਾਸੋਂ ਆਗਿਆ ਮੰਗੀ ਤਾਂ ਸ਼ਾਹੀ ਹੁਕਮ ਆਇਆ ਕਿ ਸਿਖ ਆਗੂ ਤੇ ਉਸਦੇ ਨਾਲ ਗ੍ਰਿਫਤਾਰ ਕੀਤੇ ਗਏ ਸਿਖ ਕੈਦੀਆਂ ਨੂੰ ਜ਼ਕਰੀਆ ਖਾਨ ਤੇ ਮੁਹੰਮਦ ਉਮੀਨ ਖਾਨ ਦੇ ਪੁਤਰ ਕਮਰੁੱਦੀਨ ਦੀ ਸਪੁਰਦਗੀ ਵਿਚ ਦੇ ਕੇ ਦਿਲੀ ਭੇਜਿਆ ਜਾਵੇ ਤੇ ਅਬਦੁੱਸਮਦ ਖਾਨ ਆਪ ਲਾਹੌਰ ਹੀ ਰਹੇ ਤੇ ਆਪਣੇ ਇਲਾਕਿਆਂ ਦਾ ਚੰਗਾ ਬੰਦੋਬਸਤ ਕਰ ਕੇ ਅਮਨ ਬਹਾਲ ਕਰੇ। ਨਾਲ ਹੀ ਸੁਚੇਤ ਰਹੇ ਕਿ ਸਿਖ ਮੁੜ ਸਿਰ ਨਾ ਚੁਕ ਸਕਣ।

ਲਾਹੌਰੋਂ ਤੁਰਨ ਵੇਲੇ ਜ਼ਕਰੀਆ ਖਾਨ ਨੂੰ ਮਹਿਸੂਸ ਹੋਇਆ ਕਿ ਬਾਦਸ਼ਾਹ ਦੇ ਪੇਸ਼ ਕਰਨ ਲਈ ਦੋ ਕੁ ਸੌ ਸਿੱਖਾਂ ਦੇ ਸਿਰ ਬਹੁਤ ਥੋੜੇ ਹਨ। ਦਰਬਾਰੀਆਂ ਤੇ ਬਾਦਸ਼ਾਹ ਸਾਮ੍ਹਣੇ ਬੜੇ ਜ਼ਲੀਲ ਹੋਵਾਂਗੇ, ਜਦ ਉਨ੍ਹਾਂ ਤਾਅਨੇ ਦਿਤੇ ਕਿ ਬੱਸ ਐਨੇ ਕੁ ਬਾਗੀ ਸਿਖ ਸਨ, ਜਿਨ੍ਹਾਂ ਨੇ ਅੱਠ ਮਹੀਨਿਆਂ ਤੋਂ ਵਧ ਸਮੇਂ ਤਕ ਤੁਹਾਨੂੰ ਨੱਕ ਰਾਹੀਂ ਚਣੇ ਚਬਵਾ ਛਡੇ ਅਤੇ ਐਡੇ ਵੱਡੇ ਲਾਮ-ਲਸ਼ਕਰ ਤੇ ਤੋਪਖਾਨੇ ਦੀ ਸੁਰਤ ਭੁਲਾਈ ਰਖੀ। ਅਸ਼ਕੇ ਜਾਈਏ, ਬੜੀ ਵੱਡੀ ਮੁਹਿੰਮ ਸਰ ਕਰ ਕੇ ਆਏ ਹੋ ! ਡੁਬ ਮਰੋ ਕਿਧਰੇ ਚਪਣੀ ਵਿਚ ਨੱਕ ਡੋਬ ਕੇ ! ਇਨ੍ਹਾਂ ਤਾਅਨਿਆਂ ਤੇ ਲਾਅਨਤਾਂ ਤੋਂ ਬਚਣ ਲਈ ਉਸ ਨੇ ਉਪਾਅ ਸੋਚਿਆ ਕਿ ਸਿੱਖਾਂ ਦੇ ਸਿਰਾਂ ਦੀ ਗਿਣਤੀ ਕਾਫੀ ਵਧਾ ਲਈ ਜਾਵੇ। ਇਸ ਫੁਰਨੇ ਦੀ ਦੇਰ ਸੀ, ਹੁਕਮ ਪਾ ਕੇ ਮੁਗਲ ਫ਼ੌਜਾਂ ਤਲਵਾਰਾਂ ਸੂਤ ਪਿੰਡਾਂ ਵਿਚ ਵੜ ਗਈਆਂ, ਅਨੇਕਾਂ ਮਾਸੂਮ ਤੇ ਬੇਗੁਨਾਹ ਸਿਖ ਫੜ ਮੰਗਵਾਏ ਤੇ ਕਤਲ ਕਰ ਕੇ ਉਨ੍ਹਾਂ ਦੇ ਸਿਰ ਭੂਸੇ ਨਾਲ ਭਰ ਕੇ ਨੇਜ਼ਿਆਂ, ਸੇਲਿਆਂ ਉਤੇ ਟੰਗ ਲਏ ਤੇ ਬਾਕੀ ਗਡਿਆਂ ਵਿਚ ਭਰ ਲਏ। ਜ਼ਕਰੀਆ ਖਾਨ ਦਾ ਇਹ ਮੰਦਭਾਗਾ ਕਾਫ਼ਲਾ ਦਿਲੀ ਵੱਲ ਨੂੰ ਵਧਦਾ ਹੋਇਆ ਰਾਹ ਵਿਚ ਮੌਤ ਦਾ ਛੱਟਾ ਬਖੇਰਦਾ ਜਾ ਰਿਹਾ ਸੀ। ਸਿਖ ਵਸੋਂ ਵਾਲੇ ਪਿੰਡਾਂ ਦੇ ਪਿੰਡ ਉਜਾੜ ਦਿਤੇ। ਜਿਨ੍ਹਾਂ ਨੂੰ ਖ਼ੁਸ਼-ਕਿਸਮਤੀ ਨਾਲ ਪਹਿਲਾਂ ਪਤਾ ਲੱਗ ਗਿਆ, ਬੱਸ ਉਹ ਕਿਧਰੇ ਭੱਜ ਕੇ ਬਚ ਨਿਕਲੇ। ਲੜਕੀਆਂ ਤਕ ਕਤਲ ਕਰ ਕੇ ਉਨ੍ਹਾਂ ਦੇ ਲੰਮੇ ਕੇਸਾਂ ਦੇ ਸਿਰਾਂ ਤੇ ਜੂੜੇ ਕਰ ਦਿਤੇ, ਤਾਕਿ ਉਹ ਸਿਖ ਗਭਰੂ ਦਿਸਣ। ਇਸ ਤਰ੍ਹਾਂ ਥੋੜੇ ਦਿਨਾਂ ਵਿਚ ਹਜ਼ਾਰਾਂ ਸਿਖ, ਇਸ ਧਰਮ ਦੇ ਅਨੁਯਾਈ ਅਤੇ ਗੈਰ-ਮੁਸਲਿਮ ਹੋਣ ਦੇ ਜੁਰਮ ਵਿਚ ਤਲਵਾਰ ਦੀ ਭੇਟ ਚੜ੍ਹਾ ਦਿਤੇ ਗਏ। ਵਢੇ ਹੋਏ ਸਿਰਾਂ ਨਾਲ ਸਤ ਸੌ ਗੱਡੇ ਭਰੇ ਹੋਏ ਸਨ, ਜੋ ਇਹ ਬਹਾਦਰ ਜਰਨੈਲ ਆਪਣੇ ਕਾਫ਼ਲੇ ਵਿਚ ਲਈ ਜਾ ਰਹੇ ਸਨ। ਕੈਦੀਆਂ ਨੂੰ ਖਾਣ ਲਈ ਸਿਰਫ਼ ਖਿਚੜੀ ਹੀ ਦਿਤੀ ਜਾਂਦੀ। ਫੜਿਆਂ ਹੋਇਆਂ ਨਾਲ ਵੀ ਬਹੁਤ ਬੁਰਾ ਵਿਹਾਰ ਕੀਤਾ ਜਾਂਦਾ। ਰਸਤੇ ਵਿਚ ਕਿਸੇ ਪਿਆਸੇ ਸਿਖ-ਕੈਦੀ ਨੂੰ ਪਾਣੀ ਪਿਆਉਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਉਨ੍ਹਾਂ ਨੂੰ ਜ਼ਲੀਲ ਕਰਨ ਲਈ ਹਰ ਤਰ੍ਹਾਂ ਨਾਲ ਬੁਰੇ ਤਰੀਕੇ ਨਾਲ ਪੇਸ਼ ਆ ਰਹੇ ਸਨ।

ਕੈਦੀਆਂ ਨਾਲ ਹੋ ਰਹੀ ਇਸ ਬਦ-ਸਲੂਕੀ ਬਾਰੇ ਕਨਿੰਘਮ ਲਿਖਦਾ ਹੈ ਕਿ ਬੰਦਾ ਸਿੰਘ ਅਤੇ ਦੂਸਰਿਆਂ (ਕੈਦੀਆਂ) ਨੂੰ ਬੜੇ ਭੈੜੇ ਤੋਂ ਭੈੜੇ ਵਿਹਾਰ, ਜੋ ਪਰਲੇ ਦਰਜੇ ਦਾ ਜਾਹਲ, ਵਹਿਸ਼ੀ ਤੇ ਤੁਅੱਸਬੀ ਜੇਤੂ ਕਰ ਸਕਦੇ, ਨਾਲ ਦਿਲੀ ਨੂੰ ਤੋਰਿਆ ਗਿਆ। ਬੰਦਾ ਸਿੰਘ ਵਾਂਗ ਦੂਜੇ ਸਿੰਘਾਂ ਨੂੰ ਪੈਰਾਂ, ਹੱਥਾਂ, ਲੱਕ ਅਤੇ ਗਲਾਂ ਤੋਂ ਸੰਗਲਾਂ ਤੇ ਤੌਕਾਂ ਨਾਲ ਜਕੜਿਆ ਹੋਇਆ ਸੀ। ਦੋ ਦੋ ਕਰਕੇ ਅਣ-ਪਲਾਣੇ ਊਠਾਂ ਉਤੇ ਤੇ ਦੋ ਦੋ ਤਿੰਨ ਤਿੰਨ ਇੰਜ ਹੀ ਜੂੜ ਕੇ ਗੱਡਿਆਂ ਉਤੇ ਸੁਟੇ ਹੋਏ ਸਨ।[2]

**ਸਰਹੰਦ ਵਿਚ ਕੈਦੀਆਂ ਨੂੰ ਬਾਜ਼ਾਰਾਂ ਵਿਚ ਫੇਰਨਾ—**

ਜਦ ਇਹ ਕਾਫ਼ਲਾ ਸਰਹੰਦ ਪਹੁੰਚਿਆ ਤਾਂ ਜ਼ਕਰੀਆ ਖਾਨ ਦੇ ਹੁਕਮ ਨਾਲ ਜਾਣ ਬੁਝ ਕੇ ਬੰਦਾ ਸਿੰਘ ਸਮੇਤ ਇਨ੍ਹਾਂ ਬੇ-ਬਸ ਤੇ ਲਾਚਾਰ ਕੈਦੀਆਂ ਨੂੰ ਸਰਹੰਦ ਦੇ ਬਾਜ਼ਾਰਾਂ ਵਿਚ ਦੀ ਲੰਘਾਇਆ ਗਿਆ। ਇਥੇ ਤਮਾਸ਼ਾਈਆਂ ਦੀ ਬਹੁਤ ਭੀੜ ਇਕੱਠੀ ਹੋ ਚੁਕੀ ਸੀ। ਲੋਕ, ਜੋ ਕਲ੍ਹ ਤਕ ਇਨ੍ਹਾਂ ਦਾ ਸੁਪਨੇ ਵਿਚ ਵੀ ਨਾਂ ਸੁਣ ਕੇ ਅਭੜਵਾਹੇ ਬਹੁੜੀ 'ਬਚਾਉ' 'ਬਚਾਉ' ਦੀਆਂ ਚਾਂਗਰਾਂ ਚੀਕਾਂ ਮਾਰ ਕੇ ਉਠ ਬੈਠਦੇ ਸਨ, ਉਨ੍ਹਾਂ ਨੂੰ ਨਰੜਿਆਂ, ਜੂੜਿਆਂ ਹੋਇਆਂ ਨੂੰ ਵੇਖ ਕੇ ਸ਼ੇਰ ਹੋ ਰਹੇ ਸਨ, ਟਿਚਕਰਾਂ, ਮਖੌਲ ਕਰਦੇ, ਗਾਲ੍ਹੀਆਂ ਦੇਂਦੇ, ਇੱਟ-ਵੱਟਾ ਤੇ ਘੱਟਾ ਉਨ੍ਹਾਂ ਉਤੇ ਸੁਟਦੇ। ਕਈ ਸਿੰਘ ਤਾਂ ਉਛਲ ਉਛਲ ਪੈਂਦੇ ਕਿ ਸੰਗਲ ਬੇੜੀਆਂ ਤੁੜਵਾ ਕੇ ਇਨ੍ਹਾਂ ਬਦ-



www.AKJ.Org

ਜ਼ੁਬਾਨਾਂ ਤੇ ਕਾਇਰਾਂ ਦੀਆਂ ਧੌਣ ਮਰੋੜ ਦੇਈਏ, ਪਰ ਸੰਗਲ ਤੇ ਬੇੜੀਆਂ ਉਨ੍ਹਾਂ ਦੀ ਪੇਸ਼ ਨਹੀਂ ਸਨ ਜਾਣ ਦੇਂਦੇ। ਪਿੰਜਰੇ ਪਾਏ ਸ਼ੇਰ ਨੂੰ ਤਾਂ ਨਿੱਕੇ ਨਿੱਕੇ ਬੱਚੇ ਤੇ ਤ੍ਰੀਮਤਾਂ ਵੀ ਹਊ ਹਊ ਕਰਕੇ ਛੇੜਨੋਂ ਸੰਕੋਚ ਨਹੀਂ ਕਰਦੀਆਂ। ਇਥੇ ਵੀ ਬਸ ਐਸਾ ਹੀ ਹਾਲ ਸੀ। ਸਿੰਘ ਇਸ ਦੇ ਬਾਵਜੂਦ ਉਚੀ ਸੁਰ ਵਿਚ ਸ਼ਬਦ ਪੜ੍ਹਦੇ ਜਾ ਰਹੇ ਸਨ, ਨਾ ਜਰੀਆਂ ਜਾਣ ਵਾਲੀਆਂ ਗੱਲਾਂ ਬੜੀ ਧੀਰਜ ਨਾਲ ਜਰੀ ਜਾ ਰਹੇ ਸਨ। ਸਿੰਘਾਂ ਨੂੰ ਪਤਾ ਸੀ ਕਿ ਉਹ ਸਿਧੇ ਮੌਤ ਵਲ ਜਾ ਰਹੇ ਹਨ, ਪਰ ਉਹ ਖੁਸ਼ੀਆਂ ਮਨਾਉਂਦੇ ਜਾ ਰਹੇ ਸਨ। ਚੜ੍ਹਦੀ ਕਲਾ ਐਸੀ ਸੀ ਕਿ ਜਦ ਲੋਕ ਕਹਿੰਦੇ ਕਿ ਸਭ ਕਤਲ ਕੀਤੇ ਜਾਉਗੇ ਤਾਂ ਉਹ ਅਗੋਂ ਟਿਚਰਾਂ ਕਰਦੇ ਹੋਏ ਕਹਿੰਦੇ ਕਿ ਮੌਤ ਦਾ ਡਰ ਤੁਹਾਨੂੰ ਹੋਵੇਗਾ, ਸਾਨੂੰ ਕੋਈ ਨਹੀਂ। ਅਸੀਂ ਬਧੇ ਨਾ ਹੁੰਦੇ ਤਾਂ ਤੁਹਾਨੂੰ ਮੌਤ ਦਾ ਸੁਆਦ ਹੁਣੇ ਹੀ ਚਖਾ ਦੇਂਦੇ। ਆਪਣੀ ਆਈ ਤੋਂ ਹੁਣ ਵੀ ਅਸੀਂ ਕਦ ਟਲਦੇ ਹਾਂ। ਕਹੋ ਆਪਣੇ ਜ਼ਕਰੀਏ ਨੂੰ, ਜ਼ਰਾ ਸਾਨੂੰ ਖੋਲ੍ਹ ਕੇ ਵੇਖੇ, ਤੁਹਾਨੂੰ ਕਿਹੋ ਜਿਹੇ ਜਲਵੇ ਵਿਖਾਉਂਦੇ ਹਾਂ! ਨਾ ਸਾਨੂੰ ਮੌਤ ਦਾ ਡਰ, ਨਾ ਉਸ ਦੀ ਪਰਵਾਹ। ਪਰ ਤੁਸੀਂ ਯਾਦ ਰਖਿਓ, ਗੱਲ ਸਾਡੀ ਮੌਤ ਨਾਲ ਨਹੀਂ ਮੁਕ ਜਾਣੀ, ਇਹ ਤਾਂ ਅੱਗ ਉਤੇ ਪਾਏ ਤੇਲ ਵਾਂਗ ਭੜਕੂ। ਸਾਡੇ ਪਿਛੋਂ ਸਾਡੇ ਭਰਾ ਆਉਣਗੇ ਤੇ ਤੁਹਾਡੀਆਂ ਜੜ੍ਹਾਂ ਪੁਟ ਕੇ ਸਤਲੁਜ ਤੇ ਜਮਨਾ ਵਿਚ ਸੁਟਣਗੇ। ਬਹੁਤਾ ਸਮਾਂ ਨਹੀਂ ਲਗਣਾ। ਸਮਝੋ ਖਾਲਸਾ ਆਇਆ ਕਿ ਆਇਆ। ਐਵੇਂ ਥੋੜਾ ਜਿਹਾ ਹੀ ਓਹਲਾ ਹੈ।[੩]

ਤਮਾਸ਼ਾਈਆਂ ਵਿਚ ਸਾਰੇ ਮੂਰਖ ਹੀ ਨਹੀਂ ਹੁੰਦੇ, ਸੂਝਵਾਨ ਮੁਸਲਮਾਨ ਲੋਕ ਸੁਣ ਕੇ "ਲਾ ਹੋਲ ਵਿਲਾ ਕੁਵਤਾ ਲਾ ਇਲਾ ਬਿਲਾ" ਪੜ੍ਹਦੇ ਹੋਏ ਇਨ੍ਹਾਂ ਲੋਕਾਂ ਦੀ ਨਿਡਰਤਾ, ਜੁਰਅੱਤ, ਦਲੇਰੀ ਤੇ ਇਨ੍ਹਾਂ ਦੇ ਅਥਾਹ ਹੌਸਲੇ ਦੀ ਦਾਦ ਦੇਂਦੇ ਅਸ਼ ਅਸ਼ ਕਰ ਰਹੇ ਸਨ। ਦੂਰ ਦੀ ਸੋਚਣ ਵਾਲੇ ਦਿਲੋਂ ਕੰਬ ਰਹੇ ਸਨ ਕਿ ਸਿੰਘਾਂ ਦੇ ਬੋਲ ਪੁੱਗ ਕੇ ਰਹਿਣਗੇ। ਮੁਗਲ ਹਕੂਮਤ ਤੇ ਇਹ ਫ਼ੌਜਾਂ, ਜੋ ਲੋਕਾਂ ਨੂੰ ਖੁਸ਼ ਕਰਨ ਲਈ ਤੇ ਆਪਣਾ ਦਬਦਬਾ ਬਣਾਉਣ ਲਈ ਇਨ੍ਹਾਂ ਬੇਬਸ ਕੀਤੇ ਕੈਦੀਆਂ ਉਤੇ ਜੁਲਮ ਜਬਰ ਢਾਹ ਰਹੀਆਂ ਹਨ, ਅਵੱਸ਼ ਹਕੂਮਤ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਨਾਲ ਹੀ ਸਾਡਾ ਵੀ ਘਾਣ ਹੋਵੇਗਾ। ਲਾਜ਼ਮੀ ਸਰਹੰਦ ਦੀ ਇੱਟ ਨਾਲ ਇੱਟ ਖੜਕੂ ਤੇ ਸਫ਼ਾ-ਸਫ਼ਾ ਹੋਵੇਗੀ। ਇਸ ਤਰ੍ਹਾਂ ਸਰਹੰਦ ਦਿਆਂ ਬਾਜ਼ਾਰਾਂ ਵਿਚ ਦੀ ਲੰਘਾ ਕੇ ਸਿੰਘਾਂ ਨੂੰ ਜ਼ਲੀਲ ਕਰਨ ਦੀ ਘਟਨਾ ਨੂੰ ੫੦ ਸਾਲ ਵੀ ਨਹੀਂ ਸਨ ਹੋਏ ਕਿ ਸਿੰਘਾਂ ਨੇ ਸਰਹੰਦ ਦੀ ਜੜ੍ਹ ਪੁਟ ਗੁਆਈ ਤੇ ਸਾਰੇ ਸ਼ਹਿਰ ਉਤੇ ਖੋਤਿਆਂ ਨਾਲ ਹਲ ਵਾਹ ਦਿਤੇ। ਬਾਜ਼ਾਰ ਵਾਲੀ ਘਟਨਾ ਦੇ ਚਸ਼ਮ-ਦੀਦ ਗੁਆਹ, ਜੋ ਉਸ ਵੇਲੇ ਗਭਰੂ ਸਨ, ਅਜੇ ਜੀਊਂਦੇ ਸਨ ਜਦ ਉਨ੍ਹਾਂ ਸਰਹੰਦ ਦੀ ਇਸ ਤਰ੍ਹਾਂ ਬੁਰੀ ਬਾਬ ਹੁੰਦੀ ਅੱਖੀਂ ਡਿਠੀ। ਉਸ ਵੇਲੇ ਟਿਚਰਤਾਂ ਕਰਨ ਵਾਲੇ, ਗਾਲ੍ਹੀਆਂ ਦੇਣ ਵਾਲੇ ਅੱਜ ਸਿੰਘਾਂ ਅੱਗੇ ਨਿਗੂਣੀ ਜਾਨ ਬਚਾਉਣ ਲਈ ਹਾੜੇ ਕਢ ਰਹੇ ਸਨ। ਸਮਾਂ ਜਲਦੀ ਹੀ ਸਾਰੇ ਹਿਸਾਬ ਕਿਤਾਬ ਬਰਾਬਰ ਕਰ ਦੇਂਦਾ ਹੈ। [ਚਲਦਾ]

## ਹਵਾਲੇ ਤੇ ਫ਼ੁਟਨੋਟ

੧. ਸਯੱਦ ਗੁਲਾਮ ਹੁਸੈਨ, ਜੋ ਝੂਠ ਮਾਰਨ ਤੇ ਮਨ-ਘੜਤ ਕਹਾਣੀਆਂ ਘੜਨ ਨੂੰ ਆਪਣਾ ਈਮਾਨ ਸਮਝਦੈ, ਨੇ ਆਪਣੀ ਫ਼ਾਰਸੀ ਵਿਚ ਲਿਖੀ ਕਿਤਾਬ "ਸੈਰੁਲ ਮੁਤਾਖਰੀਨ" ਵਿਚ ਇਕ ਬੜੀ ਸਵਾਦਲੀ ਕਹਾਣੀ ਘੜ ਮਾਰੀ ਹੈ। ਉਹ ਲਿਖਦਾ ਹੈ ਕਿ ਬੰਦਾ ਸਿੰਘ ਨੇ ਜਦ ਸਰਹੰਦ ਉਤੇ ਚੜ੍ਹਾਈ ਕੀਤੀ ਤਾਂ ਬਾਯਜ਼ੀਦ ਖਾਨ ਬੰਦੇ ਨਾਲ ਲੜਨ ਲਈ ਸ਼ਹਿਰੋਂ ਬਾਹਰ ਆਇਆ। ਮੁਗਰਬ ਦੀ ਨਮਾਜ਼, ਭਾਵ, ਤਕਾਲਾਂ ਦੀ ਨਮਾਜ਼ ਪੜ੍ਹਨ ਵਾਸਤੇ ਆਪਣੇ ਕੁਝ ਆਦਮੀਆਂ ਨਾਲ ਰਲ ਕੇ ਇਕ ਵਖਰੇ ਥਾਂ ਲੱਗੇ ਖ਼ੇਮੇ ਵਿਚ ਗਿਆ ਸੀ। ਸਵੇਰ ਵੇਲੇ ਜਦ ਕਿ ਇਹ ਅਜੇ ਸੁੱਤਾ ਪਿਆ ਸੀ, ਇਕ ਸਿੱਖ ਮੌਕਾ ਪਾ ਕੇ ਖ਼ੇਮੇ ਵਿਚ ਆਇਆ, ਤੇ ਇਸ ਨੂੰ ਮਾਰ ਸੁਟਿਆ ਤੇ ਆਪ ਸੁੱਕਾ ਹੀ ਬਚ ਕੇ ਨਿਕਲ ਗਿਆ ਤੇ ਆਪਣੇ ਸਾਥੀਆਂ ਵਿਚ ਜਾ ਰਲਿਆ। ਜਦ ਗੁਰਦਾਸਪੁਰ ਦੀ ਲੜਾਈ ਮਗਰੋਂ ਕੈਦ ਕੀਤੇ ਸਿੰਘ ਲਾਹੌਰ ਵਿਚ ਦਾਖਲ ਹੋ ਕੇ ਬਾਜ਼ਾਰਾਂ ਵਿਚ ਦੀ ਲੈ ਜਾਏ ਜਾ ਰਹੇ ਸਨ ਤਾਂ ਬਾਯਜ਼ੀਦ ਖਾਨ ਦੀ ਮਾਤਾ, ਜੋ ਆਪਣੇ ਪੁੱਤਰ ਦੇ ਗ਼ਮ ਵਿਚ ਰੋ ਰੋ ਅੰਨ੍ਹੀ ਹੋ ਗਈ ਸੀ;



www.AKJ.Org

ਅਤੇ ਉਸ ਵੇਲੇ ਲਾਹੌਰ ਹੀ ਰਹਿੰਦੀ ਸੀ, ਅੱਜ ਇਸ ਤਮਾਸ਼ੇ ਵੇਲੇ ਇਕ ਛੱਜੇ ਉਤੇ ,ਆਪਣੇ ਟਹਿਲੂਆਂ ਨਾਲ ਬੈਠੀ ਹੋਈ ਸੀ। ਉਸ ਦੇ ਮੁਲਾਜ਼ਮਾਂ ਨੇ ਦਸਿਆ ਕਿ ਉਸ ਦੇ ਪੁੱਤਰ ਦਾ ਕਾਤਲ ਇਨ੍ਹਾਂ ਕੈਦੀਆਂ ਵਿਚ ਫੜਿਆ ਆ ਰਿਹਾ ਹੈ। ਉਸ ਬਿਰਧ ਮਾਤਾ ਨੇ ਇਕ ਭਾਰਾ ਪੱਥਰ,, ਜਿਸ ਦਾ ਉਸ ਨੇ ਪਹਿਲਾਂ ਹੀ ਬੰਦੋਬਸਤ ਕੀਤਾ ਹੋਇਆ ਸੀ, ਆਪਣੇ ਮੁਲਾਜ਼ਮਾਂ ਦੇ ਦੱਸਣ ਤੇ ਲੰਘਦੇ ਦੇ ਪੈਰਾਂ ਦੀ ਆਵਾਜ਼ ਦਾ ਇਸ਼ਾਰਾ ਦੇਣ ਤੇ ਉਸ (ਨਾਹਰ ਸਿੰਘ) ਉਤੇ ਸੁੱਟ ਕੇ ਉਸ ਨੂੰ ਥਾਂ 'ਤੇ ਹੀ ਮਾਰ ਦਿਤਾ। ਉਸ ਨੇ ਕਿਹਾ ਕਿ ਮੈਂ ਆਪਣੇ ਪੁੱਤ ਦੀ ਮੌਤ ਦਾ ਬਦਲਾ ਲੈ ਲਿਆ ਹੈ ਤੇ ਚੈਨ ਨਾਲ ਮਰ ਸਕੂੰਗੀ। ਇਸ ਬਿਰਧ ਔਰਤ ਦੇ ਇਸ ਦਲੇਰੀ ਵਾਲੇ ਕਾਰੇ ਤੋਂ ਇਸ਼ਾਰਾ ਪਾ ਕੇ ਲਾਹੌਰ ਦੇ ਆਮ ਲੋਕ ਭੜਕ ਉਠੇ ਤੇ ਕੈਦੀਆਂ ਨੂੰ ਮਾਰਨ ਤੇ ਉਤਾਰੂ ਹੋ ਗਏ। ਅਬਦੁਸੱਮਦ ਖਾਨ ਨੇ ਇਹ ਵੇਖ ਕੇ ਝਟ ਮੌਕਾ ਸੰਭਾਲਿਆ ਤੇ ਸਾਰੇ ਕੈਦੀਆਂ ਨੂੰ ਊਠਾਂ ਘੋੜਿਆਂ ਤੇ ਹਾਥੀਆਂ ਦੇ ਝੁਲਾਂ ਨਾਲ ਲੁਕਾ ਲਿਆ, ਮਤੇ ਸਾਰੇ ਕੈਦੀਆਂ ਨੂੰ ਲੋਕੀ ਇਂਜ ਹੀ ਨਾ ਮਾਰ ਮੁਕਾਉਣ। ਕੈਦੀ ਕਿਲ੍ਹੇ ਵਿਚ ਲੈ ਜਾਏ ਗਏ ਤੇ ਕੁਝ ਦਿਨ ਇਥੇ ਹੀ ਰਖੇ ਗਏ। ਸੈਰੁਲ ਮਤਾਖ਼ਰੀਨ, ਸਫ਼ਾ ੪੦੩; ਰੇਮਾਂਡ ਵਲੋਂ ਅੰਗਰੇਜ਼ੀ ਉਲਥਾ, ਸਫਾ ੮੯-੯੦,

ਬ੍ਰਿਗਜ਼ ਵਾਲਾ ਉਲਥਾ, ਸਫਾ—੭੮੭੯

ਇਹ ਦਸਣ ਤੇ ਦੁਹਰਾਉਣ ਦੀ ਲੋੜ ਨਹੀਂ ਕਿ ਸੈਰੁਲ ਮਤਾਖ਼ਰੀਨ ਦਾ ਕਰਤਾ ਸੱਯਦ ਗੁਲਾਮ ਹੁਸੈਨ ਖ਼ਾਫ਼ੀ ਖਾਨ ਦਾ ਚੇਲਾ ਹੀ ਹੈ। ਤੁਅਸਬ ਤੇ ਝੂਠ ਦੇ ਦੋਵੇਂ ਹੀ ਪੁਤਲੇ ਹਨ। ਉਹ ਆਪਣੇ ਈਮਾਨ-ਹੀਣ ਨਜ਼ਰੀਏ ਨੂੰ ਕਦੀ ਵੀ ਤਲਾਂਜਲੀ ਦੇਣ ਨੂੰ ਤਿਆਰ ਨਹੀਂ ਤੇ ਹਰ ਤਰ੍ਹਾਂ ਦੇ ਝੂਠ ਬੋਲ ਕੇ, ਉਹ ਇਸਲਾਮੀ ਲਸ਼ਕਰ ਦੀ ਬੱਲੇ ਬੱਲੇ ਤੇ ਵਾਹ ਵਾਹ ਬਨਾਉਣਾ ਚਾਹੁੰਦੇ ਹਨ। ਸਿੱਖਾਂ ਦੀ ਬੇ-ਮਿਸਾਲ ਬਹਾਦਰੀ ਤੇ ਜੁਰਅਤ ਨੂੰ ਨਕਾਰਨਾ ਤੇ ਤੁੱਛ ਕਰ ਕੇ ਵਿਖਾਉਣਾ ਚਾਹੁੰਦੇ ਹਨ। ਲਾਹੌਰ ਦੇ ਬਾਜ਼ਾਰ ਵਾਲੀ ਘਟਨਾ ਬਿਆਨ ਕਰਦਾ ਹੋਇਆ ਸੱਯਦ ਗੁਲਾਮ ਹੁਸੈਨ ਤਾਂ ਗੁਰੂ ਨਾਲੋਂ ਵੀ ਕਈ ਖ਼ਾਨੇ ਅੱਗੇ ਟੱਪ ਗਿਆ ਜਾਪਦਾ ਹੈ। ਖ਼ਾਫ਼ੀ ਖ਼ਾਨ ਨੇ ਜੋ ਕੁਝ ਲਿਖਿਆ ਹੈ, ਭਾਵੇਂ ਉਹ ਇੰਨ ਬਿੰਨ ਸਾਰਾ ਸੱਚ ਨਹੀਂ ਹੈ, ਬਹੁਤ ਹੀ ਝੂਠ ਦੀ ਚਾਸ਼ਣੀ ਚਾੜ੍ਹੀ ਹੋਈ ਹੈ, ਪਰ ਫਿਰ ਵੀ ਉਸ ਦੀ ਹਰ ਗੱਲ ਵਿਚ ਸਚਾਈ ਦੀ ਗੁਮਕ ਜ਼ਰੂਰ ਹੈ। ਪਰ ਸਿੱਖਾਂ ਦੇ ਹਾਲਾਤ ਲਿਖਦਿਆ ਗੁਲਾਮ ਹੁਸੈਨ ਦੀ ਰੂਹ ਫ਼ਨਾਹ ਤੇ ਈਮਾਨ ਗ਼ਰਕ ਹੋ ਜਾਂਦਾ ਹੈ। ਇਥੇ ਜੋ ਉਸ ਨੇ ਕਹਾਣੀ ਦਿਤੀ ਹੈ, ਭਲਾ ਇਸ ਵਿਚ ਸਚਾਈ ਕਿਥੋਂ? ਇਤਿਹਾਸਕ ਗੁਆਹੀ ਵਜੋਂ ਇਹ ਪੜਤਾਲ ਦੀ ਘਸਵਟੀ ਤੇ ਪੂਰੀ ਨਹੀਂ ਉਤਰਦੀ। ਝੂਠੀਆਂ ਕਹਾਣੀਆਂ ਘੜਨ ਦੇ ਹੁਨਰ ਵਿਚ ਇਹ ਖ਼ੂਬ ਮਾਹਿਰ ਹੈ। ਇੰਜ ਹੀ ਫ਼ਰੁਖ਼ਸੀਅਰ ਦੀ ਸੱਯਦ ਭਰਾਵਾਂ ਹੱਥੋਂ ਬੜੀ ਨਿਰਦਇਤਾ ਨਾਲ ਕੀਤੀ ਮੌਤ ਦੀ ਕਹਾਣੀ ਇਸ ਵਧੀਆ ਢੰਗ ਨਾਲ ਤਰਾਸ਼ੀ ਹੈ ਕਿ ਆਪਣੇ ਸ਼ੀਆ ਸੱਯਦ ਭਰਾਵਾਂ ਨੂੰ ਪੂਰੀ ਤਰ੍ਹਾਂ ਦੋਸ਼-ਮੁਕਤ ਕਰ ਦਿਤਾ ਹੈ। ਉਨ੍ਹਾਂ ਦੇ ਲਹੂ ਭਰੇ ਹੱਥ ਇੰਜ ਧੋ ਮਾਂਜ ਦਿਤੇ ਹਨ ਕਿ ਸਰਸਰੀ ਨਿਗਾਹ ਵੇਖਦਿਆਂ ਦੋਵੇਂ ਸੱਯਦ ਭਰਾ (ਅਬਦੁਲਾ ਤੇ ਸੱਯਦ ਹਸਨ ਅਲੀ) ਇਸ ਮੁਆਮਲੇ ਵਿਚ ਬੜੇ ਮਾਸੂਮ ਤੇ ਨਿਰਦੋਸ਼ ਨਜ਼ਰ ਆਉਂਦੇ ਹਨ। ਗੁਲਾਮ ਹੁਸੈਨ ਨੇ ਆਪਣੀ ਸੱਯਦ ਬਰਾਦਰੀ ਦਾ ਚੰਗੂ ਕੱਜਣ ਕੱਜਦਿਆਂ ਹੋਇਆਂ ਤਬੇਲੇ ਦੀ ਬਲਾ ਬਾਂਦਰ ਦੇ ਸਿਰ ਮੜ੍ਹ ਦਿਤੀ ਹੈ।

ਜ਼ਰਾ ਲਵੋ ਇਸ ਪੱਥਰ ਵਾਲੀ ਸਾਖੀ ਨੂੰ। ਕਿਸੇ ਵੀ ਤਵਾਰੀਖ਼ ਤੋਂ ਸਿਧ ਨਹੀਂ ਹੁੰਦਾ ਕਿ ਬਾਯਜ਼ੀਦ ਖਾਨ ਸਰਹੰਦ ਦਾ ਫ਼ੌਜਦਾਰ ਸੀ। ਪਤਾ ਨਹੀਂ ਅੱਲਾ ਪਾਕ ਨੇ ਇਸ ਉਘੇ ਤੇ ਲਾਇਕ ਇਤਿਹਾਸਕਾਰ ਨੂੰ ਕਿਹੜੇ ਵੇਲੇ ਇਸ ਗੱਲ ਦਾ ਇਲਹਾਮ ਕਰ ਦਿਤਾ? ਬਾਯਜ਼ੀਦ ਖ਼ਾਨ ਤਾਂ ਜੰਮੂ ਦਾ ਫ਼ੌਜਦਾਰ ਸੀ। ਆਪਣੇ ਤੁਅੱਸਬ ਤੇ ਤੰਗ-ਨਜ਼ਰੀ ਹਥੋਂ ਬੇਦਲੇ ਹੋਏ ਇਸ ਸੱਯਦ ਨੇ ਬਾਯਜ਼ੀਦ ਖਾਨ ਤੇ ਵਜ਼ੀਰ ਖਾਨ ਨੂੰ ਆਪਸ ਵਿਚ ਰਲ ਗਡ ਕਰਕੇ ਰਖ ਦਿਤਾ ਹੈ। ਇਹ ਦੋਵੇਂ ਫ਼ੌਜਦਾਰ ਸਿੱਖਾਂ ਹਥੋਂ ਮਾਰੇ ਗਏ ਸਨ। ਵਜ਼ੀਰ ਖਾਨ ਚੱਪੜ-ਚਿੜੀ ਦੇ ਮੁਕਾਮ ਤੇ, ਅਤੇ ਬਾਯਜ਼ੀਦ ਖਾਨ ਤੇ ਉਸ ਦਾ ਭਤੀਜਾ ਸ਼ਮਸ ਖ਼ਾਨ ਬਹਿਰਾਮਪੁਰ ਦੇ ਲਾਗੇ ਹੋਈ ਲੜਾਈ ਵਿਚ ਮਾਰੇ ਗਏ। ਇਨ੍ਹਾਂ ਵਿਚੋਂ ਕੋਈ ਵੀ ਨਮਾਜ਼ ਵੇਲੇ ਨਹੀਂ ਸੀ ਮਾਰਿਆ ਗਿਆ, ਸਗੋਂ ਮੈਦਾਨ ਵਿਚ ਘੇਰ ਕੇ ਤੇ ਲਲਕਾਰ ਕੇ ਮਾਰੇ ਗਏ ਸਨ। ਇਨ੍ਹਾਂ ਵਿਚੋਂ ਕਿਸੇ ਦੀ ਮਾਂ ਉਸ ਵੇਲੇ ਲਾਹੌਰ ਨਹੀਂ ਸੀ ਰਹਿੰਦੀ, ਅਸਲੋਂ ਹੀ


www.AKJ.Org

ਬੇਥਵ੍ਹੀ ਗੱਲ ਹੈ ਉਸ ਨੂੰ ਲਾਹੌਰ ਵਿਖੇ ਲਿਖਣਾ। ਵਜ਼ੀਰ ਖ਼ਾਨ ਕਰਨਾਲ ਲਾਗੇ ਕੁੰਜਪੁਰੇ ਦਾ ਰਹਿਣ ਵਾਲਾ ਸੀ ਤੇ ਉਥੇ ਉਸਦੀ ਬੜੀ ਭਾਰੀ ਜਾਇਦਾਦ ਸੀ। ਦੂਜੇ ਦੋਵੇਂ ਕਸੂਰ ਦੇ ਰਹਿਣੇ ਵਾਲੇ ਪਠਾਣ ਸਨ। ਇਨ੍ਹਾਂ ਚੋਂ ਕਿਸੇ ਦੀ ਵੀ ਮਾਂ ਉਸ ਵੇਲੇ ਲਾਹੌਰ ਨਹੀਂ ਹੋ ਸਕਦੀ।

ਹੁਣ ਲਉ ਉਸ ਐਥੇਤੀ ਮਾਂ ਦੇ ਪੱਥਰ ਨਾਲ ਮਰਨ ਵਾਲੇ ਸਿੰਘ ਦੀ ਗੱਲ। ਲਾਇਕ ਤੇ ਫ਼ਾਇਕ ਸੱਜਦ ਫਿਹ ਟਪਲਾ ਖਾਂਦਾ ਹੈ। ਇਹ ਦੋਵੇਂ ਖ਼ਾਨ ਬਾਜ਼ ਸਿੰਘ ਦੇ ਹੱਥੋਂ ਮਾਰੇ ਗਏ ਸਨ, ਨਾ ਕਿ ਕਿਸੇ ਨਾਹਰ ਸਿੰਘ ਨਾਉਂ ਵਾਲੇ ਸਿੰਘ ਹੱਥੋਂ, ਜਿਸ ਨੂੰ ਕਿ ਬੁੱਢੀ ਮਾਤਾ ਦੇ ਪੱਥਰ ਦਾ ਨਿਸ਼ਾਨਾ ਬਣਾ ਕੇ ਮਾਰਿਆ ਗਿਆ ਦਰਸਾਇਆ ਹੈ। ਇਤਿਹਾਸਕ ਠੋਸ ਤੇ ਅਕੱਟ ਸਬੂਤ ਮੌਜੂਦ ਹੈ ਕਿ ਉਸ ਨੂੰ ੧੯ ਜੂਨ ੧੭੧੬ ਈ: ਨੂੰ ਮਹਿਰੌਲੀ ਕੁਤਬ ਸਾਹਿਬ ਦੀ ਲਾਠ ਲਾਗੇ ਬੰਦਾ ਸਿੰਘ ਤੇ ਉਸਦੇ ਦੂਸਰੇ ਜਰਨੈਲਾਂ ਫਤਹ ਸਿੰਘ ਆਦਿ ਦੇ ਨਾਲ ਸ਼ਹੀਦ ਕੀਤਾ ਗਿਆ ਸੀ। [ਵੇਖੋ ਕਾਮਵਰ ਖ਼ਾਨ ਦੀ ਲਿਖਤ ਤਜ਼ਕਰਾ-ਉਸ-ਸੁਲਾਤੀਨ ਚੁਗਤਾਈਆਂ, ਸਫ਼ਾ ੧੯੭-ਏ (ਅੱਲਫ਼); ਵਿਲੀਅਮ ਇਰਵਨ, ਲੇਟਰ ਮੁਗਲਜ਼, *I*, ਸਫਾ ੧੩੭.

ਮਹਿਮ ਪ੍ਰਕਾਸ਼ ਲਿਖਤ ਸਰੂਪ ਦਾਸ ਭਲਾ, ਸਫਾ ੬੧੫-ਏ. ਬੀ.

ਅੰਜਾਣ ਤੋਂ ਅੰਜਾਣ ਪਾਠਕ ਵੀ ਕਿਆਸ ਕਰੇਗਾ ਕਿ ਬਾਜ਼ਾਰ ਵਿਚ ਦੀ ਲੰਘਾਏ ਜਾ ਰਹੇ ਕੈਦੀ, ਪਹਿਰੇ ਥਲੇ ਜਾ ਰਹੇ ਸਨ, ਨਾ ਕਿ ਆਪਣੀ ਮਨ-ਮਰਜ਼ੀ ਨਾਲ ਛਜਿਆਂ ਦੇ ਹੇਠ ਦੀ ਮਟਰ-ਗਸ਼ਤੀ ਕਰਦੇ ਫਿਰਦੇ ਸਨ। ਫਿਰ ਉਹ ਏਡਾ ਭਾਰੀ ਪੱਥਰ ਅੰਨ੍ਹੀ ਤੇ ਵਡੇਰੀ ਉਮਰ ਦੀ ਨਿਰਬਲ ਬੁਢੀ ਮਾਤਾ ਏਡੀ ਦੂਹੀ ਤੇ ਐਨ ਬਾਜ਼ਾਰ ਦੇ ਵਿਚਕਾਰ ਕਿਵੇਂ ਮਾਰ ਸਕੀ, ਜਿਸ ਨਾਲ ਚਟਾਨ ਵਰਗੇ ਮਜ਼ਬੂਤ ਜਿਸਮ ਵਾਲਾ ਬਾਜ਼ ਸਿੰਘ ਥਾਂ ਤੇ ਹੀ ਮਰ ਗਿਆ ਹੋਵੇ। ਤੁਅਸਬੀ, ਤੰਗ-ਨਜ਼ਰ ਤੇ ਈਮਾਨ-ਹੀਣ ਬੰਦੇ ਤੋਂ ਕੀ ਆਸ ਰਖੀ ਜਾ ਸਕਦੀ ਹੈ ਕਿ ਉਹ ਸੱਚ ਨੂੰ ਸੱਚ ਕਹਿ ਸਕੇਗਾ। ਫਿਰ ਵੀ ਇਹ ਝੂਠ ਦਾ ਪੁਤਲਾ ਜੇਕਰ ਇਹ ਲਿਖ ਦੇਂਦਾ ਕਿ ਕੈਦੀ ਸਿੰਘਾਂ ਦੇ ਸਰਹੰਦ ਅਪੜਨ ਤੇ ਵਜ਼ੀਰ ਖ਼ਾਨ ਦੀ ਮਾਤਾ ਨੇ ਆਪਣੇ ਪੁੱਤਰ ਦੀ ਮੌਤ ਦਾ ਬਦਲਾ ਲੈਣ ਲਈ ਬਾਜ਼ ਸਿੰਘ ਨੂੰ ਪੱਥਰ ਮਾਰ ਕੇ ਮਾਰ ਦਿਤਾ, ਤਦ ਇਹ ਸਾਖੀ ਕੁਝ ਮੰਨਣ ਯੋਗ ਹੋ ਸਕਦੀ ਸੀ। ਪਰ ਗ਼ੁਲਾਮ ਹੁਸੈਨ ਦੇ ਝੂਠ ਦੀਆਂ ਕੱਚੀਆਂ ਤੰਦਾਂ ਸੱਚ ਦੀਆਂ ਫੌਲਾਦੀ ਤਾਰਾਂ ਨਾਲ ਕਿਵੇਂ ਜੁੜਨ ਤੇ ਵੱਟ ਖਾ ਕੇ ਇਤਿਹਾਸਕ ਗੁਆਹੀ ਦਾ ਮਜ਼ਬੂਤ ਰਸਾ ਕਿਵੇਂ ਬਣ ਸਕਣ ?

ਇਨ੍ਹਾਂ ਲੋਕਾਂ ਨੇ ਸਿਖ ਇਤਿਹਾਸ, ਜੋ ਆਪਣੀ ਨਜ਼ੀਰ ਨਹੀਂ ਰਖਦਾ, ਜਿਸ ਤੇ ਕੋਈ ਵੀ ਕੌਮ ਫ਼ਖ਼ਰ ਕਰ ਸਕਦੀ ਹੈ, ਨੂੰ ਕਿਵੇਂ ਗੁਮਰਾਹੀ ਤੇ ਝੂਠ ਦੀਆਂ ਚਟਾਨਾਂ ਥਲੇ ਦਫ਼ਨਾ ਦੇਣ ਦੇ ਸਿਰੋਂ ਪਰੇ ਜ਼ੋਰ ਲਾ ਲਾ ਯਤਨ ਕੀਤੇ ਹਨ। ਇਹ ਦੇਗ 'ਚੋਂ ਇਕ ਦਾਣੇ ਵਾਂਗ ਨਮੂਨਾ ਹੀ ਹੈ। ਸੱਚ ਕਦੇ ਮਰਦਾ ਨਹੀਂ। ਸਿਖ ਇਤਿਹਾਸ ਪ੍ਰਤੀ ਦਰਦ ਰਖਣ ਵਾਲੇ ਇਸ ਦੇ ਵਾਰਸੋ! ਧਾਅ ਕੇ ਹੰਭਲਾ ਮਾਰੀਏ ਤੇ ਇਸ ਨੂੰ ਝੂਠ ਕੁਫਰ ਦੀਆਂ ਚਟਾਨਾਂ ਤੇ ਲੋਹੜ ਦੇ ਮਲਬੇ ਹੇਠੋਂ ਕਢੀਏ; ਝਾੜ ਪੂੰਝ ਕੇ, ਹੱਕ ਹੱਕ ਦੇ ਰੂਪ ਵਿਚ ਦੁਨੀਆ ਦੇ ਸ਼ਾਮ੍ਹਣੇ ਲਿਆਈਏ। ਮੇਰੀ ਨਿਗਾਹ ਵਿਚ ਸੈਂਕੜੇ ਨਹੀਂ, ਹਜ਼ਾਰਾਂ ਹੀ ਇਸ ਤੋਂ ਵੀ ਘਿਨਾਉਣੇ ਭੁਲੇਖਿਆਂ ਦੀਆਂ ਮਿਥ ਕੇ ਪਾਈਆਂ ਗੁੰਝਲਾਂ ਹਨ, ਜੋ ਬੁਧੀਜੀਵੀਆਂ ਤੇ ਨਿਰਪੱਖ ਇਤਿਹਾਸਕਾਰਾਂ, ਖ਼ਾਸ ਕਰ ਸਿਖ ਇਤਿਹਾਸਕਾਰਾਂ ਲਈ, ਇਕ ਵੱਡਾ ਚੈਲੰਜ ਹੈ, ਜੋ ਪਿਛਲੇ ੫੦੦ ਸਾਲਾਂ ਤੋਂ ਅਣ-ਵੰਗਾਰਿਆ ਹੀ ਚਲਿਆ ਆ ਰਿਹਾ ਹੈ। ਆਓ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਅਤੇ ਬਾਬਾ ਪ੍ਰੇਮ ਸਿੰਘ ਹੋਤੀ ਦੇ ਉਦਮ ਤੇ ਲਗਨ ਤੋਂ ਸੇਧ ਲਈਏ ਤੇ ਕੁਝ ਕਰ ਗੁਜ਼ਰਨ ਲਈ ਯਤਨ ਕਰੀਏ। ਸਤਿਗੁਰੂ ਲਾਜ਼ਮੀ ਬਿਬੇਕ ਬੁਧਿ ਤੇ ਬਲ ਬਖਸ਼ਣਗੇ। ਢਿਲ ਸਿਰਫ਼ ਮੈਦਾਨ ਵਿਚ ਨਿਤਰਨ ਦੀ ਹੈ।

੨. ਜੇ. ਡੀ. ਕਨਿੰਘਮ–ਹਿਸਟਰੀ ਆਫ਼ ਦੀ ਸਿਖਸ, ਸਫ਼ਾ ੯੩-੯੪ (੧੯੯੭ ਵਾਲੀ ਛਾਪ)।

ਇਸ ਨੇ ਸੈਰੁਲ ਮੁਤਾਖ਼ਰੀਨ ਹਿਸਾ *I*, ਸਫਾ ੧੧੮-੧੨੦ ਦਾ, ਐਲਫ਼ਿੰਸਟਨ ਦੀ ਹਿਸਟਰੀ ਭਾਗ *II*, ਸਫ਼ਾ ੫੭੪-੭੫, ਜਿਸ ਨੇ ਖ਼ਾਫ਼ੀ ਖਾਨ ਦੇ ਮੁਨਤਖ਼ਬੁ-ਲੁ-ਲੁਬਾਬ, ਜੋ ਬੰਦਾ ਸਿੰਘ ਦਾ ਸਮਕਾਲੀ ਸੀ, ਦੇ


www.AKJ.Org

ਹਵਾਲੇ ਨਾਲ ਸਿੰਘਾਂ ਨਾਲ ਕੀਤੇ ਗਏ ਇਸ ਦੁਰ-ਵਿਹਾਰ ਦਾ ਜ਼ਿਕਰ ਕੀਤਾ ਹੈ।

੩. ਸਰਹੰਦ, ਜਿਸ ਨੂੰ ਸਿਖ ਗੁਰੂ-ਮਾਰੀ ਦੇ ਨਾਉਂ ਨਾਲ ਯਾਦ ਕਰਦੇ ਸਨ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਵੇਲੇ ਤੋਂ ਹੀ ਸਿੰਘਾਂ ਦੀਆਂ ਅੱਖਾਂ ਵਿਚ ਰੜਕਦੀ ਸੀ। ਬੰਦਾ ਸਿੰਘ ਨੇ ਵਜ਼ੀਰ ਖ਼ਾਨ ਨੂੰ ਚੱਪੜ ਚਿੜੀ ਦੇ ਮੈਦਾਨ ਵਿਚ ਹੋਈ ਲੜਾਈ ਸਮੇਂ ਹਾਰ ਦੇ ਕੇ ਉਸ ਨੂੰ ਤੇ ਉਸ ਦੇ ਖੋਟੀ ਮੱਤ ਵਾਲੇ ਸਾਥੀਆਂ ਨੂੰ ਬੁਰੀ ਬਾਬ ਕਰ ਕੇ ਮਾਰਿਆ ਸੀ। ਸ਼ਹਿਰ ਲੁਟਿਆ ਗਿਆ, ਪਰ ਪੂਰੀ ਤਰ੍ਹਾਂ ਬਰਬਾਦ ਨਹੀਂ ਸੀ ਕੀਤਾ। ਬੰਦਾ ਸਿੰਘ ਦੀ ਸ਼ਹਾਦਤ ਤੋਂ ੪੮ ਸਾਲ ਬਾਅਦ ਬੁੱਢਾ ਦਲ ਤੇ ਤਰਨਾ ਦਲ, ਭਾਵ ੧੧ ਮਿਸਲਾਂ ਨੇ ਹਿੱਸਾ ਲਿਆ। (ਰਾਜਾ ਆਲਾ ਸਿੰਘ ਪਟਿਆਲੇ ਵਾਲਾ, ਜੋ ਫੂਲਕੀਆਂ ਮਿਸਲ ਦਾ ਉਘਾ ਆਗੂ ਸੀ, ਨਾਲ ਨਹੀਂ ਸੀ ਰਲਿਆ। ਇਸ ਘਰਾਣੇ ਨੇ ਢਿੱਡ ਵਜਾ ਕੇ ਛੇਵੇਂ ਪਾਤਸ਼ਾਹ ਤੋਂ ਭੁਖ ਦੇ ਕਸ਼ਟ ਤੋਂ ਛੁਟਕਾਰਾ ਮੰਗਿਆ ਤਾਂ ਸਤਿਗੁਰਾਂ ਰਾਜ ਕਰਨ ਦਾ ਵਰ ਬਖਸ਼ਿਆ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਪਟਿਆਲੇ ਵਾਲੇ ਨੂੰ "ਤੇਰਾ ਘਰ ਸੋ ਮੇਰਾ ਘਰ" ਕਹਿ ਕੇ ਮਾਣ ਬਖ਼ਸ਼ਿਆ। ਸਭ ਕੁਝ ਮਿਲ ਗਿਆ, ਰਾਜ ਭਾਗ ਵਾਲੇ ਬਣ ਗਏ, ਪਰ ਔਖ ਵੇਲੇ ਕਲਗੀਧਰ ਦੇ ਸਿਰਜੇ ਖਾਲਸਾ ਜੀ ਤੋਂ ਹਰ ਪ੍ਰਕਾਰ ਦੀ ਸਹਾਇਤਾ ਲੈ ਕੇ ਆਪਣੇ ਵੈਰੀਆਂ ਦਾ ਸਿਰ ਦਬਾਉਂਦੇ ਤੇ ਰਾਜ ਦੀਆਂ ਹੱਦਾਂ ਵਧਾਉਂਦੇ ਰਹੇ। ਜਦ ਕਦੇ ਖਾਲਸਾ ਜੀ ਦੇ ਸਿਰ ਭੀੜ ਬਣੀ ਤਾਂ ਵੈਰੀਆਂ ਦੀ ਹੀ ਸਹਾਇਤਾ ਕਰਦੇ ਰਹੇ। ਉਦਾਰ-ਚਿਤ ਖਾਲਸੇ ਨੇ ਇਨ੍ਹਾਂ ਦੀ ਹਰ ਭੁਲ ਬਖਸ਼ੀ, ਪਿਠ ਨਹੀਂ ਦਿਤੀ। ਇਨ੍ਹਾਂ ਵਲੋਂ ਕਸਰ ਨਹੀਂ ਰਹੀ। ਵੱਡੇ ਘਲੂਘਾਰੇ ਵੇਲੇ ਅਤੇ ਪਹਿਲੇ ਘਲੂਘਾਰੇ ਵੇਲੇ, ਅਬਦਾਲੀ ਵਿਰੁਧ ਸ੍ਰੀ ਅੰਮ੍ਰਿਤਸਰ ਵਿਖੇ ਜੋ ਘਲੂਘਾਰੇ ਤੋਂ ੬ ਮਹੀਨੇ ਪਿਛੋਂ ਲੜਾਈ ਹੋਈ, ਇਨ੍ਹਾਂ ਨੇ ਸਾਥ ਨਹੀਂ ਸੀ ਦਿਤਾ। ਖਾਲਸਾ ਜੀ ਨੇ ਜਦ ਜ਼ੈਨ ਖਾਨ ਨੂੰ ਸਰਹੰਦੋਂ ਬਾਹਰ ਘੇਰ ਲਿਆ, ਤਿਆਰੀਆਂ ਦੋਹਾਂ ਪਾਸਿਆਂ ਤੋਂ ਜਦ ਹੋ ਰਹੀਆਂ ਸਨ ਤਾਂ ਪਟਿਆਲੇ ਵਾਲਾ ਬਾਬਾ ਆਲਾ ਸਿੰਘ ਤਮਾਸ਼ਾਈ ਹੀ ਬਣਿਆ ਰਿਹਾ। ਇਸ ਵਾਰ ਵੀ ਬਿਲਕੁਲ ਹਿੱਸਾ ਨਹੀਂ ਸੀ ਲਿਆ। ਮੁਕਦੀ ਗੱਲ, ਇਸ ਘਰਾਣੇ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਅੰਗਰੇਜ਼ਾਂ ਦਾ ਸਾਥ ਦਿਤਾ ਤੇ ਇਕ ਬਲਵਾਨ ਸਿਖ ਰਾਜ ਦੇ ਖ਼ਾਤਮੇ ਵਿਚ ਸਹਾਈ ਹੋਏ ਸਨ। ਅਹਿਮਦ ਸ਼ਾਹ ਵੇਲੇ ਸ਼ਾਹ ਵਲੀ ਖ਼ਾਨ ਵਜ਼ੀਰ ਦੇ ਇਕ ਨਿੱਕੇ ਜਿਹੇ ਅਹਿਸਾਨ ਥਲੇ ਇਹ ਇਸ ਵਜ਼ੀਰ ਦੀ ਗੋਤ ਧਾਰ ਕੇ ਬਾਮਜ਼ਈ ਬਣ ਗਏ। ਅੰਗਰੇਜ਼ਾਂ ਦੀ ਏਡੀ ਲਗਨ ਨਾਲ ਗ਼ੁਲਾਮੀ ਕਬੂਲੀ ਤੇ ਅਧੀਨਤਾ ਦਾ ਐਡਾ ਸੋਹਣਾ ਸਬੂਤ ਦਿਤਾ ਕਿ ਰਾਜਾ ਭੂਪਿੰਦਰ ਸਿੰਘ ਸਰਕਾਰ ਇੰਗਲਸ਼ੀਆ ਦਾ ਫ਼ਰਜ਼ੰਦ-ਇ-ਅਜ਼ਰਜਮੰਦ ਖ਼ਾਸ ਬਣ ਗਿਆ। ਦੇਸ਼ ਦੀ ਵੰਡ ਤਕ ਸਾਮਰਾਜੀ ਸਰਕਾਰ ਦੀ ਚੰਗੀ ਨਿਮਕ-ਹਲਾਲੀ ਕਰ ਕਰ ਕੇ ਪਟਿਆਲੀਏ ਸੁਰਖ਼ਰੂਈ ਹਾਸਲ ਕਰਦੇ ਰਹੇ।

ਸਿੰਘਾਂ ਨੇ ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਜ਼ੈਨ ਖਾਨ ਨੂੰ ਸਰਹੰਦੋਂ ਬਾਹਰ ਘੇਰ ਕੇ ੪ ਮਾਘ ਸੰਮਤ ੧੮੨੦ ਬਿ: ਮੁਤਾਬਕ ੧੪ ਜਨਵਰੀ ੧੭੬੪ ਵਾਲੀ ਰਾਤ ਨੂੰ ਮਾਰ ਲਿਆ। ਸਰਹੰਦ ਕਿਲ੍ਹੇ ਉਤੇ ਕਬਜ਼ਾ ਕਰ ਕੇ, ਬੱਚੇ, ਬੁਢੇ, ਔਰਤਾਂ ਤੇ ਹਿੰਦੂਆਂ ਨੂੰ ਛੱਡ ਕੇ ਸਾਰਾ ਸ਼ਹਿਰ ਤੇਗ਼ ਦੀ ਧਾਰ ਲੰਘਾ ਦਿਤਾ। ਸਾਰੇ ਸ਼ਹਿਰ ਦਾ ਮਲਬਾ ਬਣਾ ਕੇ ਉਤੇ ਖੋਤਿਆਂ ਨਾਲ ਹਲ ਵਾਹੇ। ਫਿਰ ਇਹ ਪ੍ਰਥਾ ਚਲੀ ਕਿ ਸਰਹੰਦ ਵਿਚ ਦੀ ਲੰਘਦਾ ਹਰ ਕੋਈ ਸਿਖ ਇਸ ਦਿਆਂ ਖੰਡਰਾਂ ਚੋਂ ਪ ਇੱਟਾਂ ਲੈ ਜਾਂਦਾ। ਪੂਰਬ ਨੂੰ ਜਾਣ ਵਾਲਾ ਦਰਿਆ ਜਮਨਾ ਵਿਚ ਜਾ ਸੁਟਦਾ ਤੇ ਪੱਛਮ ਵਾਲਾ ਸਤਲੁਜ ਵਿਚ ਸੁਟ ਦੇਂਦਾ। ਇੰਜ ਬੰਦਾ ਸਿੰਘ ਦੇ ਸਾਥੀ ਸਿੰਘਾਂ ਦੇ ਸਹਿਜ ਸੁਭਾਅ ਨਿਕਲੇ ਬੋਲ ਖਾਲਸੇ ਨੇ ਪੂਰੇ ਕਰ ਦਿਤੇ।

---

ਯੂ.ਕੇ. ਵਿਚ ਮੋਖ ਰਹਿਤ ਪੁਸਤਕਾਂ–ਭਾਈ ਸਾਹਿਬ ਰਣਧੀਰ ਸਿੰਘ ਰਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫ਼ਤ ਮੰਗਵਾਉ। ਡਾਕ ਖਰਚ ਪਹਿਲਾਂ ਭੇਜੋ–

*Bhai Madan Singh, 11-Apollo Way, Perry Bar, Birmingh-20, 3 ND (U.K.*

# ਗੁਰਬਾਣੀ ਪਾਠ ਅਤੇ ਅਰਦਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਜੇਲ੍ਹ ਦੀ ਇਕ ਕੋਠੜੀ ਵਿਚ ਕੈਦ ਸਨ। ਨਾਲ ਦੀ ਕੋਠੜੀ ਵਿਚ ਭਾਈ ਸੱਜਣ ਸਿੰਘ ਜੀ ਇਸ਼ਨਾਨ ਕਰ ਕੇ ਗੁਰਬਾਣੀ ਦਾ ਪਾਠ ਉੱਚੀ ਉੱਚੀ ਕਰ ਕੇ ਉਨ੍ਹਾਂ ਨੂੰ ਸੁਣਾ ਰਹੇ ਸਨ ਅਤੇ ਭਾਈ ਸਾਹਿਬ ਸੁਣ ਰਹੇ ਸਨ। ਇੰਨੀ ਦੇਰ ਨੂੰ ਪਹਿਰੇ ਤੇ ਲੱਗੇ ਸਿਪਾਹੀ ਰਾਧਾ ਸਿੰਘ (ਬਿਹਾਰੀ) ਨੇ ਭਾਈ ਸਾਹਿਬ ਨੂੰ ਆ ਕੇ ਦਸਿਆ ਕਿ ਸਾਧੂ ਜੀ ! (ਭਾਈ ਸਾਹਿਬ ਨੂੰ ਜੇਲ੍ਹ ਦੇ ਬਹੁਤ ਸਾਰੇ ਕਰਮਚਾਰੀ **'ਸਾਧੂ ਜੀ'** ਕਿਹਾ ਕਰਦੇ ਸਨ) "ਏਕ ਅਜੀਬ ਘਟਨਾ ਹੋ ਗਈ ਹੈ ਜਿਸ ਕੋ ਦੇਖ ਕਰ ਮੈਂ ਦੰਗ ਰਹਿ ਗਿਆ ਹੂੰ।"

ਭਾਈ ਸਾਹਿਬ ਦੇ ਪੁੱਛਣ ਤੇ ਉਸ ਨੇ ਦਸਿਆ ਕਿ 'ਸੱਜਣ ਸਿੰਘ ਕੀ ਉਂਗਲੀ ਕਟ ਗਈ ਹੈ ਔਰ ਉਸ ਮੇਂ ਖ਼ੂਨ ਜਾਰੀ ਹੈ। ਪਰ ਵਹੁ ਪਾਠ ਐਸੇ ਅਨੰਦ ਸੇ ਸੁਣਾਇ ਜਾ ਰਿਹਾ ਹੈ ਜੈਸੇ ਕਿ ਉਸ ਕੀ ਉਂਗਲੀ ਕਟੀ ਹੀ ਨਹੀਂ। ਧੰਨ ਹੈ ਸਤਿਗੁਰੂ ਔਰ ਧੰਨ ਹੈ ਗੁਰੂ ਕਾ ਯਿਹ ਸਿੱਖ।'

ਭਾਈ ਸਾਹਿਬ ਨੇ ਪਉੜੀ ਦਾ ਭੋਗ ਪੈਣ ਤੇ ਸੱਜਣ ਸਿੰਘ ਹੋਰਾਂ ਨੂੰ ਅਵਾਜ਼ ਮਾਰੀ ਅਤੇ ਪੁੱਛਿਆ ਕਿ ਕੀ ਗੱਲ ? ਕੀ ਖੇਡ ਵਰਤੀ ਹੈ ?

ਭਾਈ ਸੱਜਣ ਸਿੰਘ—"ਕੁਝ ਨਹੀਂ।" ਕਹਿ ਕੇ ਫਿਰ ਪਾਠ ਕਰਨ ਲਗ ਪਏ। ਉਧਰ ਸਿਪਾਹੀ ਨੇ ਸੱਜਣ ਸਿੰਘ ਦੀ ਚੀਚੀ ਉਂਗਲੀ ਦਾ ਕਟਿਆ ਹੋਇਆ ਪੋਟਾ ਲੈ ਕੇ ਭਾਈ ਸਾਹਿਬ ਨੂੰ ਲਿਆ ਕੇ ਵਿਖਾਇਆ। ਭਾਈ ਸਾਹਿਬ ਨੇ ਉਸ ਨੂੰ ਕਿਹਾ ਕਿ ਜਾ ਕੇ ਉਸ ਦੀ ਕਟੀ ਹੋਈ ਉਂਗਲ ਨਾਲ ਜੋੜ ਕੇ ਬੰਨ੍ਹ ਦੇਵੇ।

ਜਦ ਰਾਧਾ ਸਿੰਘ ਇਸ ਤਰ੍ਹਾਂ ਜਾ ਕੇ ਕਰਨ ਲੱਗਾ ਤਾਂ ਭਾਈ ਸੱਜਣ ਸਿੰਘ ਨੇ ਇਸ ਤਰ੍ਹਾਂ ਨਾ ਕਰਨ ਦਿਤਾ ਅਤੇ ਕਿਹਾ ਕਿ ਇਹ ਕਾਫ਼ੀ ਦੇਰ ਦੀ ਕਟੀ ਹੋਈ ਹੈ ਅਤੇ ਕਾਫ਼ੀ ਖ਼ੂਨ ਨਿਕਲ ਚੁੱਕਾ ਹੈ, ਇਸ ਲਈ ਇਹ ਹੁਣ ਜੁੜ ਨਹੀਂ ਸਕਦੀ। ਭਾਈ ਸੱਜਣ ਸਿੰਘ ਨੇ ਇਕ ਤਾਂ ਗੱਲ ਨਾ ਮੰਨੀ, ਦੂਸਰਾ, ਕੱਟੀ ਹੋਈ ਉਂਗਲ ਉਪਰ ਪਾਣੀ ਦੀ ਪੱਟੀ ਕਰਨ ਦੀ ਥਾਂ ਉਸ ਨੂੰ ਤੇਲ ਵਿਚ ਡੁੱਬੋ ਦਿਤਾ, ਜਿਸ ਕਾਰਨ ਜ਼ਹਿਰ ਚੜ੍ਹਨ ਲਗ ਪਈ। ਥੋੜ੍ਹੀ ਦੇਰ ਮਗਰੋਂ ਉਸ ਦੀ ਬਾਂਹ ਸੁਜ ਕੇ ਭੜੋਲਾ ਹੋ ਗਈ। ਹਸਪਤਾਲ ਵਿਚ ਰਿਪੋਰਟ ਪਹੁੰਚਾਈ ਗਈ।

ਉਸ ਸਮੇਂ ਜੇਲ੍ਹ ਦਾ ਇਕ ਸੁਪ੍ਰੰਟੈਨਡੈਂਟ ਅੰਗਰੇਜ਼ ਮਿ: ਫ਼ਰੈਡਰਿਕ ਸੀ। ਇਹ ਸੁਪ੍ਰੰਟੈਨਡੈਂਟ *I.M.S.* ਸਿਵਲ ਸਰਜਨ ਵੀ ਸੀ, ਜਿਸ ਕਰਕੇ ਸੁਪ੍ਰੰਟੈਨਡੈਂਟ ਦੀ ਪਦਵੀ ਦੇ ਨਾਲ ਨਾਲ ਜੇਲ੍ਹ ਦਾ ਮੈਡੀਕਲ ਅਫ਼ਸਰ ਵੀ ਸੀ। ਇਹ ਡਾਕਟਰ ਜਿਥੇ ਚੀਰ-ਫਾੜ ਅਤੇ ਹੋਰ ਦਵਾਈ ਦਰਮਲ ਵਿਚ ਕਾਫ਼ੀ ਸਿਆਣਾ ਸੀ, ਉਥੇ ਪੰਜਾਬੀਆਂ ਦਾ ਹਮਦਰਦ ਵੀ ਸੀ। ਉਸ ਨੇ ਆ ਕੇ ਵੇਖਿਆ ਅਤੇ ਭਾਈ ਸੱਜਣ ਸਿੰਘ ਨੂੰ ਹਸਪਤਾਲ ਦਾਖ਼ਲ ਕਰਨ ਲਈ ਲੈ ਗਿਆ। ਜੇਲ੍ਹ ਵਿਚ ਭਾਈ ਸਾਹਿਬ ਨੂੰ ਪਤਾ ਲੱਗਾ ਕਿ ਸੱਜਣ ਸਿੰਘ ਹੋਰਾਂ ਦੀ ਹਾਲਤ ਕਾਫ਼ੀ ਖ਼ਰਾਬ ਹੋ ਗਈ ਹੈ। ਬਾਹਰ ਸ਼ਹਿਰ ਦੇ ਹੋਰ ਸਰਜਨ ਡਾਕਟਰਾਂ ਨੂੰ ਵੀ ਉਚੇਚਾ ਬੁਲਾਇਆ ਗਿਆ ਅਤੇ ਸਾਰੇ ਇਸ ਸਿੱਟੇ ਉਤੇ ਪੁਜੇ ਕਿ ਬਾਂਹ ਕੱਟ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਸੋ ਅਗਲੇ ਦਿਨ ਸਵੇਰੇ ਉਪਰੇਸ਼ਨ ਦੁਆਰਾ ਬਾਂਹ ਕਟ ਕੇ ਉਸ ਦੀ ਜਾਨ ਬਚਾਉਣ ਦਾ ਪ੍ਰੋਗਰਾਮ ਪੱਕਾ ਬਣਾਇਆ ਗਿਆ।

ਉਸ ਸਮੇਂ ਭਾਈ ਸਾਹਿਬ ਅਤੇ ਉਨ੍ਹਾਂ ਦੇ ਨਾਲ ਦੇ ਕਈ ਹੋਰ ਸਿੰਘ, ਜੋ ਉਸ ਜੇਲ੍ਹ ਦੀਆਂ ਵੱਖ ਵੱਖ ਕੋਠੜੀਆਂ ਵਿਚ ਕੈਦ ਸਨ, ਬੜੇ ਚਿੰਤਾਤੁਰ ਹੋਏ। ਉਨ੍ਹਾਂ ਸਭ ਨੇ ਫ਼ੈਸਲਾ ਕੀਤਾ ਕਿ ਸਵੇਰੇ ਉਠਦੇ ਹੀ ਇਸ਼ਨਾਨ ਪਾਣੀ ਕਰਕੇ ਸਾਰੇ ਸਿੰਘ ਆਪਣੇ ਆਪਣੇ ਨਿਤਨੇਮ ਤੋਂ ਇਲਾਵਾ ਪੰਜ ਪੰਜ ਜਪੁਜੀ ਸਾਹਿਬ ਦੇ ਪਾਠ ਭਾਈ ਸੱਜਣ ਸਿੰਘ ਜੀ ਨਮਿਤ ਕਰਨ, ਤਾਂ ਜੁ ਉਸ ਦਾ ਕਸ਼ਟ ਹਟੇ। ਸੋ ਸਾਰੇ ਹਮਦਰਦ ਗੁਰਸਿਖ ਕੈਦੀਆਂ ਨੇ ਅਗਲੀ ਸਵੇਰ ਇਸੇ ਤਰ੍ਹਾਂ ਕੀਤਾ। ਸ੍ਰੀਮਾਨ ਭਾਈ ਸਾਹਿਬ ਜੀ ਨੇ ਆਪ ਵੀ ਪਾਠ ਕੀਤੇ ਅਤੇ ਭੋਗ ਮਗਰੋਂ ਉਨ੍ਹਾਂ ਨੂੰ ਅੰਦਰੋਂ (ਮਨ ਤੋਂ) ਗੁਪਤ ਜਿਹੀ ਪ੍ਰੇਰਨਾ ਹੋਈ ਅਤੇ ਉਨ੍ਹਾਂ ਨੇ ਭਾਈ ਸੱਜਣ ਸਿੰਘ ਜੀ ਦੀ ਅਰੋਗਤਾ ਲਈ ਅਰਦਾਸ ਵੀ ਕਰ ਦਿੱਤੀ ਕਿ ਸੱਚੇ ਪਾਤਸ਼ਾਹ ਮਿਹਰ ਕਰਨ, ਉਸ ਦੀ ਬਾਂਹ ਨਾ ਕੱਟੀ ਜਾਵੇ।



www.AKJ.Org

ਪ੍ਰੇਮ ਨਾਲ ਕੀਤੇ ਪਾਠ ਅਤੇ ਦਿਲੋਂ ਕੀਤੀ ਅਰਦਾਸ ਅਕਾਲ ਪੁਰਖ ਦੇ ਦਰਬਾਰ ਕਿਸ ਤਰ੍ਹਾਂ ਪ੍ਰਵਾਨ ਹੁੰਦੀ ਹੈ, ਉਸ ਦਾ ਚਮਤਕਾਰ ਵੇਖੋ :–

ਉਧਰ ਸਵੇਰੇ ਨੀਅਤ ਸਮੇਂ ਤੇ ਹਸਪਤਾਲ ਵਿਚ ਡਾਕਟਰਾਂ ਅਤੇ ਉਹਨਾਂ ਦੇ ਅਮਲੇ ਦਾ ਇਕੱਠ ਉਪਰੇਸ਼ਨ-ਕਮਰੇ ਵਿਚ ਹੋ ਗਿਆ। ਬਾਂਹ ਕੱਟਣ ਦੇ ਸੰਦ (ਹਥਿਆਰ) ਸਭ ਤਿਆਰ ਹੋ ਗਏ। ਡਾਕਟਰ, ਭਾਈ ਸੱਜਣ ਸਿੰਘ ਦੇ ਸਿਰਹਾਣੇ, ਆਪਣੀ ਕਮੀਜ਼ ਦੀਆਂ ਬਾਹਾਂ ਉਤਾਂਹ ਚਾੜ੍ਹ ਕੇ ਬਾਂਹ ਕੱਟਣ ਲਈ ਆਣ ਖਲੋਤਾ। ਭਾਈ ਸੱਜਣ ਸਿੰਘ ਜੀ ਗੁਰਬਾਣੀ ਦਾ ਪਾਠ ਬੜੇ ਪਿਆਰ ਨਾਲ ਅੱਖਾਂ ਬੰਦ ਕਰ ਕ ਅੰਦਰ-ਅੰਦਰ ਕਰ ਰਹੇ ਸਨ। ਪਰ ਡਾਕਟਰ ਨੇ ਸਮਝਿਆ ਕਿ ਉਹ ਸੁੱਤਾ ਪਿਆ ਹੈ। ਡਾਕਟਰ ਨੇ ਉੱਠ ਕੇ ਕਲੋਰੋਫਾਰਮ (ਬੇਹੋਸ਼ ਕਰਨ ਦੀ ਦਵਾਈ) ਸੁੰਘਣ ਲਈ ਕਿਹਾ।

ਭਾਈ ਸੱਜਣ ਸਿੰਘ ਨੇ ਅੱਖਾਂ ਖੋਲ੍ਹ ਕੇ ਪੁੱਛਿਆ, "ਕਿਸ ਲਈ ?"

ਡਾਕਟਰ–ਤੇਰੀ ਬਾਂਹ ਦਾ ਉਪਰੇਸ਼ਨ ਕਰਨਾ ਹੈ।

ਸੱਜਣ ਸਿੰਘ–ਤੇ ਫਿਰ ਕਲੋਰੋਫ਼ਾਰਮ ਸੁੰਘਾਉਣ ਦੀ ਕੀ ਲੋੜ ਹੈ? ਬੇਫ਼ਿਕਰ ਹੋ ਕੇ ਬਾਂਹ ਕੱਟੋ, ਜੇ ਜ਼ਰਾ ਵੀ ਹਿੱਲ ਗਿਆ ਤਾਂ ਕਹਿਣਾ।

੨੦-੨੧ ਸਾਲਾਂ ਦੀ ਉਮਰ ਦੇ ਇਸ ਗੁਰਸਿਖ ਜਵਾਨ ਦੀ ਦਲੇਰੀ ਦੀ ਇਹ ਗੱਲ ਸੁਣ ਕੇ ਜਿਥੇ ਸਰਜਨ (ਡਾਕਟਰ) ਦੇ ਸਰੀਰ ਵਿਚ ਕੁਝ ਝਰਨਾਟ ਜਿਹੀ ਛਿੜੀ, ਉਥੇ ਹੈਰਾਨਗੀ ਦੀ ਵੀ ਹੱਦ ਨਾ ਰਹੀ। ਉਹ ਸੋਚਦਾ ਸੀ ਕਿ ਇਹ ਸਿਖ ਕਿਸ ਮਿੱਟੀ ਦਾ ਬਣਿਆ ਹੋਇਆ ਹੈ। ਦੂਜੇ ਪਾਸੇ ਡਾਕਟਰ ਦੀ ਬਾਂਹ ਵਿਚ ਇਉਂ ਮਹਿਸੂਸ ਹੋਣ ਲੱਗਾ ਜਿਵੇਂ ਉਸ ਵਿਚ ਤਾਕਤ ਹੀ ਨਹੀਂ ਰਹੀ ਕਿ ਉਹ ਬਾਂਹ ਕੱਟਣ ਲਈ ਹੱਥ ਉਠਾਏ। ਉਹ ਆਪਣੀ ਬਾਂਹ ਵਿਚ ਇਸ ਤਰ੍ਹਾਂ ਤਾਕਤ ਨਾ ਰਹਿਣ ਬਾਰੇ ਸੋਚਣ ਹੀ ਲੱਗਾ ਸੀ ਕਿ ਐਨ ਉਸ ਵੇਲੇ ਇਕ ਫੁਰਨਾ ਉਸ ਦੇ ਮਨ ਵਿਚ ਫੁਰਿਆ ਕਿ ਪਹਿਲਾਂ ਨਸ਼ਤਰ ਲਾ ਕੇ ਦੇਖੀਏ, ਸ਼ਾਇਦ ਗੰਦਾ ਖ਼ੂਨ ਨਸ਼ਤਰ ਲਾਉਣ ਨਾਲ ਹੀ ਨਿਕਲ ਜਾਏ ਅਤੇ ਫ਼ਾਇਦਾ ਹੋ ਜਾਵੇ, ਅਤੇ ਬਾਂਹ ਨਾ ਕੱਟਣੀ ਪਵੇ। ਇਹ ਫੁਰਨਾ ਫੁਰਨ ਦੀ ਹੀ ਦੇਰ ਸੀ ਕਿ ਉਸ ਨੂੰ ਮਹਿਸੂਸ ਹੋਇਆ ਕਿ ਮਾਨੋ ਕੋਈ ਰੱਬੀ ਇਸ਼ਾਰਾ ਉਸ ਨੂੰ ਇਸ ਤਰ੍ਹਾਂ ਕਰਨ ਨੂੰ ਮਿਲਿਆ ਹੈ। ਬਸ! ਨਸ਼ਤਰ ਲਾਉਣ ਦੀ ਹੀ ਦੇਰ ਸੀ ਕਿ ਗੰਦਾ ਖ਼ੂਨ ਨਿਕਲਣ ਨਾਲ ਮਿੰਟਾਂ ਵਿਚ ਹੀ ਸਾਰਾ ਸੋਜ ਉਤਰਨਾ ਸ਼ੁਰੂ ਹੋ ਗਿਆ।

ਡਾਕਟਰ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਹੁਣ ਇਸ ਫੁਰਨੇ ਨੂੰ ਉਹ ਇਕ ਰੱਬੀ ਸਹਾਇਤਾ ਸਮਝਣ ਲਗ ਪਿਆ। ਆਪਣੇ ਹੱਥੀਂ ਪੱਟੀ (ਡਰੈਸਿੰਗ) ਕਰ ਕੇ **ਅਤੇ** ਹਸਪਤਾਲ ਦੇ ਸੰਬੰਧਤ ਹੋਰ ਕਰਮਚਾਰੀਆਂ ਨੂੰ ਚੰਗੀ ਤਰ੍ਹਾਂ ਨਿਗਰਾਨੀ ਰਖਣ ਦੀ ਪਕਿਆਈ ਕਰ ਕੇ ਖ਼ੁਸ਼ੀ ਖ਼ੁਸ਼ੀ ਜੇਲ੍ਹ ਵਿਚ ਭਾਈ ਸਾਹਿਬ ਪਾਸ ਆਇਆ ਅਤੇ ਕਹਿਣ ਲੱਗਾ :–

ਵੈੱਲ! ਰਣਧੀਰ ਸਿੰਘ! ਆਪ ਕਾ ਸਾਥੀ ਸੱਜਣ ਸਿੰਘ ਬਿਲਕੁਲ ਤੰਦਰੁਸਤ (ਰਾਜ਼ੀ-ਬਾਜ਼ੀ) ਹੋ ਗਿਆ ਹੈ, ਫ਼ਿਕਰ ਮੱਤ ਕਰੋ, ਉਸ ਕੀ ਬਾਂਹ ਕੋ ਭੀ ਨਹੀਂ ਕਾਟਾ ਗਿਆ ਔਰ ਵੁਹ ਤੰਦਰੁਸਤ ਭੀ ਹੋ ਗਿਆ ਹੈ।

ਭਾਈ ਸਾਹਿਬ- ਇਹ ਆਪ ਦੇ ਉੱਦਮ ਨੂੰ ਫਲ ਲੱਗਾ ਹੈ। ਆਪ ਨੇ ਬੜੀ ਹਮਦਰਦੀ ਕੀਤੀ ਹੈ।

ਡਾਕਟਰ–ਨਹੀਂ, ਨਹੀਂ, ਹਮ ਨੇ ਇਸ ਮੇਂ ਕੁਛ ਨਹੀਂ ਕੀਆ। ਯੇ ਤੋ ਕੋਈ ਮੁਅਜਜ਼ਾ (ਕ੍ਰਿਸ਼ਮਾ, ਅਸਚਰਜ ਖੇਲ) ਹੂਆ ਹੈ। ਮੈਂ ਆਪਣੇ ਹਾਥ ਮੇਂ ਕਾਟਨੇ ਵਾਲੇ ਹਥਿਆਰ (ਸੰਦ) ਪਕੜ ਚੁਕਾ ਥਾ। ਔਰ ਸਭ ਸਮਾਨ ਤਿਆਰ ਥਾ ਜਬ ਮੇਰਾ ਹਾਥ ਉਸ ਕੀ ਬਾਂਹ ਕਾਟਨੇ ਕੋ ਤਿਆਰ ਹੋ ਚੁਕਾ ਥਾ ਕਿ ਏਕ-ਦਮ ਮੇਰਾ ਹਾਥ ਰੁਕ ਗਿਆ। ਹਾਥ ਰੁਕਨਾ ਹੀ ਥਾ ਕਿ ਅਚਾਨਕ ਏਕ ਐਸੀ ਜੁਗਤ ਸੂਝੀ ਜੋ ਆਗੇ ਕਭੀ ਸੂਝੀ ਹੀ ਨਹੀਂ। ਇਸ ਮੇਂ ਜ਼ਰੂਰ ਕੋਈ ਖ਼ੁਦਾਈ (ਰੱਬੀ) ਇਮਦਾਦ (ਮਦਦ) ਕਾ ਹਾਥ ਹੈ। ਮਗਰ ਬੜੀ ਹੈਰਾਨੀ ਉਸ ਲੜਕੇ ਕੀ ਦਲੇਰੀ ਕੋ ਦੇਖ ਕਰ ਹੁਈ ਹੈ ਕਿ ਵੁਹ ਝਿਜਕਾ ਹੀ ਨਹੀਂ। ਉਸ ਕੋ ਪਤਾ ਹੀ ਨਹੀਂ ਕਿ



www.AKJ.Org

# ਭਾਈ ਮਹੇਸ਼ਾ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਭਾਈ ਮਹੇਸ਼ਾ ਸੁਲਤਾਨਪੁਰ ਦਾ ਨਿਵਾਸੀ ਸੀ। ਘਰੋਂ ਚੰਗਾ ਰਜਾ ਪੁਜਾ ਤੇ ਸੌਖਾ ਸੀ, ਪਰ ਸਭ ਕੁਝ ਹੁੰਦਿਆਂ ਮਨ ਵਿਚ ਸ਼ਾਂਤੀ ਨਹੀਂ ਸੀ। ਸਤਿਗੁਰਾਂ ਦੀ ਮਹਿਮਾ ਸੁਣ ਕੇ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਮਨ ਦੇ ਟਿਕਾਅ ਦੀ ਜਾਚਨਾ ਕੀਤੀ।

ਗੁਰੂ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਮਾਇਆ ਭਟਕਣਾ ਦਾ ਮੂਲ ਹੈ। ਇਸ ਨਾਲ ਮਨ ਤ੍ਰਿਪਤ ਨਹੀਂ ਹੋ ਸਕਦਾ। ਮਨ ਦਾ ਟਿਕਾਅ ਸੱਚੇ ਧਨ ਦੁਆਰਾ ਹੀ ਹੋ ਸਕਦਾ ਹੈ।

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸ ਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਇ ॥ ਕਾਚਾ ਧਨੁ ਫੁਨਿ ਆਵੈ ਜਾਇ ॥ਰਹਾਉ॥
ਮਨਮੁਖ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬਹਿ ਨ ਉਰਵਾਰਿ ਨ ਪਾਰਿ ॥
ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥(੪॥੭)

ਧਨਾਸਰੀ ਮ: ੩, ਪੰਨਾ ੬੬੫

ਭਾਈ ਮਹੇਸ਼ਾ ਜੀ ਨੇ ਬੇਨਤੀ ਕੀਤੀ, ਪਾਤਸ਼ਾਹ! ਸੱਚੇ ਧਨ ਦੀ ਬਖਸ਼ਸ਼ ਕਰੋ।

ਜਗਿਆਸਾ ਤੀਬਰ ਦੇਖ ਕੇ ਗੁਰੂ ਪਾਤਸ਼ਾਹ ਜੀ ਨੇ ਨਾਮ-ਦਾਨ ਬਖਸ਼ਿਆ ਤੇ ਫ਼ੁਰਮਾਇਆ :–

"ਇਸ ਸੱਚੇ ਧਨ ਨੂੰ ਦ੍ਰਿੜ੍ਹ ਕਰ ਰਖਣਾ! ਦਿਨ ਦਿਨ ਇਸ ਦਾ ਵਾਧਾ ਹੋਏਗਾ, ਲੋਕ ਪਰਲੋਕ ਸਵਰਨਗੇ। ਇਸ ਲੋਕ ਵਿਚ ਮਨ ਸ਼ਾਂਤ ਰਹੇਗਾ, ਪਰਲੋਕ ਵਿਖੇ ਜਮਾਂ ਤੋਂ ਛੁਟਕਾਰਾ ਮਿਲੇਗਾ, ਸੱਚੀ ਦਰਗਾਹ ਵਿਚ ਸੁਰਖ਼ਰੂਈ ਹੋਵੇਗੀ। ਕੱਚੇ ਦੁਨਿਆਵੀ ਧਨ-ਪਦਾਰਥ ਮਿਥਿਆ ਹਨ, ਇਨ੍ਹਾਂ ਨਾਲ ਮਨ ਨਹੀਂ ਲਾਣਾ।"

ਭਾਈ ਮਹੇਸ਼ਾ ਜੀ ਨਾਮ ਦੀ ਕਮਾਈ ਵਿਚ ਤਨੋਂ ਮਨੋਂ ਜੁਟ ਪਏ। ਇਕਾਗਰ-ਚਿਤ ਹੋ ਕੇ ਸਵਾਸ ਸਵਾਸ ਨਾਮ ਜਪਦਿਆਂ, ਮਨ ਵਿਚ ਨਾਮ ਦਾ ਖੇੜਾ ਖਿੜ ਪਿਆ। ਹਰ ਦਮ ਨਾਮ-ਰਸ ਵਿਚ ਖੀਵੇ ਹੋਏ ਰਹਿੰਦੇ, ਪਰ ਦੂਜੇ ਪਾਸੇ ਮਾਇਕ ਧਨ ਪਦਾਰਥ ਨਸ਼ਟ ਹੋਣ ਲੱਗ ਪਏ।

ਲੋਕ ਲਗੇ ਦੰਦ-ਕਥਾ ਕਰਨ ਕਿ ਇਸ ਭਲੇ ਲੋਕ ਨੂੰ ਚੰਗੀ ਸਿੱਖੀ ਮਿਲੀ, ਘਰ ਬਾਹਰ ਬਰਬਾਦ ਹੋ ਗਿਆ। ਪਰ ਭਾਈ ਮਹੇਸ਼ਾ ਜੀ ਪੂਰਨ ਦ੍ਰਿੜ੍ਹਤਾ ਨਾਲ ਨਾਮ-ਰੰਗ ਵਿਚ ਅਰੂੜ ਰਹੇ। ਮਨ ਵਿਚ ਰਤਾ ਕਾਂਪ ਨ ਆਉਣ ਦਿਤੀ। ਨਾਮ ਸਿਮਰਨ ਨਾਲ ਮਨ ਅੰਦਰ ਠੰਢ ਵਰਤੀ ਹੋਈ ਸੀ ਤੇ ਦੁਨਿਆਵੀ ਪਦਾਰਥ ਤੁਛ ਭਾਸਦੇ ਸਨ। ਉਸ ਨੂੰ ਐਉਂ ਪ੍ਰਤੀਤ ਹੁੰਦਾ ਜਿਵੇਂ ਉਸ ਨੂੰ ਲੋਕ ਪਰਲੋਕ ਦੀ ਪਾਤਸ਼ਾਹੀ ਮਿਲ ਗਈ ਹੋਵੇ। ਮਾਇਕ ਪਦਾਰਥਾਂ ਨੂੰ ਏਨੀ ਮਹਾਨਤਾ ਦੇਣ ਵਾਲੇ ਦੁਨੀਆਦਾਰ ਭਾਈ ਜੀ ਨੂੰ ਕਮਲੇ ਭਾਸਦੇ। ਲੋਕ-ਲਾਜ ਦੀ ਰਤਾ

---

✿ਉਸ ਕੀ ਬਾਂਹ ਕਾ ਉਪਰੇਸ਼ਨ ਕੀਆ ਜਾ ਰਿਹਾ ਹੈ। ਉਸ ਕੀ ਬਾਂਹ ਕਟ ਭੀ ਜਾਤੀ, ਤਬ ਭੀ ਵੁਹ ਹਾਇ ਨਾ ਕਰਤਾ। ਮਾਲੂਮ ਹੋਤਾ ਹੈ ਕਿ ਉਸ ਵਕਤ ਉਸ ਪਰ ਕੁਛ ਰੂਹਾਨੀ ਤਾਕਤ (ਰੱਬੀ ਸ਼ਕਤੀ) ਤਾਰੀ ਹੋ ਰਹੀ ਥੀ (ਅਸਰ ਕਰ ਰਹੀ ਸੀ)।

ਪਿਆਰ ਅਤੇ ਟਿਕਾਉ ਵਿਚ ਬਾਣੀ ਦੇ ਭਾਵਾਂ ਵਲ ਧਿਆਨ ਕਰਦੇ ਹੋਏ ਬਾਣੀ ਦਾ ਪਾਠ ਅਤੇ ਅਰਦਾਸ ਕਰਨ ਦੇ ਕਈ ਕੌਤਕ ਇਸ ਤਰ੍ਹਾਂ ਵਾਪਰ ਹਨ ਅਤੇ ਅਗੋਂ ਵੀ ਵਾਪਰਦੇ ਰਹਿਣਗੇ। ਜਿਨ੍ਹਾਂ ਨੂੰ ਪੜ੍ਹ ਕੇ ਸਾਡਾ ਵੀ ਦਿਲ ਕਰਦਾ ਹੈ ਕਿ ਅਸੀਂ ਵੀ ਗੁਰਬਾਣੀ ਨੂੰ ਸਮਝ ਕੇ ਅਤੇ ਇਕਗਾਰ-ਚਿਤ ਹੋ ਕੇ ਪਿਆਰ ਨਾਲ ਪਾਠ ਕਰਨ ਦੀ ਆਦਤ ਪਾਈਏ। ['ਜੇਲ੍ਹ-ਚਿਠੀਆਂ' ਪੁਸਤਕ ਦੇ ਅਧਾਰ ਤੇ, ਵਲੋਂ ਗਿ: ਦੀਦਾਰ ਸਿੰਘ ਜੀ



www.AKJ.Org

ਪਰਵਾਹ ਨਾ ਕਰਦੇ ਹੋਏ ਉਹ ਗੁਰੂ ਚਰਨਾਂ ਦੇ ਭੌਰੇ ਬਣੇ ਰਹੇ।

ਸਤਿਗੁਰਾਂ ਨੇ ਦੇਖਿਆ ਕਿ ਭਾਈ ਮਹੇਸ਼ਾ ਅਡੋਲ ਅਵਸਥਾ ਨੂੰ ਪ੍ਰਾਪਤ ਹੋ ਗਿਆ ਹੈ ਤਾਂ ਬਚਨ ਕੀਤਾ ਕਿ ਮਾਇਆ ਨਾਗਣੀ ਸੰਸਾਰੀ ਜੀਵਾਂ ਨੂੰ ਆਪਣੀ ਲਪੇਟ ਵਿਚ ਲੈ ਕੇ ਦੁਖੀ ਕਰਦੀ ਹੈ, ਪਰ ਗੁਰਮੁਖਾਂ ਉਤੇ ਇਸ ਦਾ ਜ਼ੋਰ ਨਹੀਂ ਚਲਦਾ। ਗੁਰਮੁਖ ਇਸ ਨੂੰ ਪਰ-ਉਪਕਾਰ ਹਿਤ ਖਰਚਦੇ ਖਾਂਦੇ ਤੇ ਸਫਲ ਕਰਦੇ ਹਨ।

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥੨॥ (੫)

[ਮ: ੩, ਗੂਜਰੀ ਕੀ ਵਾਰ, ਪੰਨਾ ੫੧੦

ਗੁਰੂ ਪਾਤਸ਼ਾਹ ਦੀ ਅਸੀਸ ਸਦਕਾ ਭਾਈ ਮਹੇਸ਼ਾ ਜੀ ਦੀ ਧਰਮ ਕਿਰਤ ਵਿਚ ਬਰਕਤ ਪਈ। ਧਨ ਪਦਾਰਥ ਫਿਰ ਪ੍ਰਾਪਤ ਹੋ ਗਏ। ਭਾਈ ਮਹੇਸ਼ਾ ਜੀ ਅਧਿਆਤਮਕ ਧਨ ਅਤੇ ਦੁਨਿਆਵੀ ਧਨ ਦੋਹਾਂ ਨੂੰ ਵੰਡ ਕੇ ਛਕਦੇ। ਸਦਾ ਖੇੜੇ ਤੇ ਵਿਗਾਸ ਵਿਚ ਵਿਚਰਦਿਆਂ ਹੋਇਆਂ ਆਪਣੀ ਜੀਵਨ-ਯਾਤਰਾ ਸਫ਼ਲ ਕਰ ਗਏ। ਆਪ ਜੀ ਦੇ ਆਦਰਸ਼ਕ ਜੀਵਨ ਸਦਕਾ ਗੁਰੂ ਪਾਤਸ਼ਾਹ ਜੀ ਨੇ ਆਪ ਜੀ ਨੂੰ ਮੰਜੀ ਬਖਸ਼ੀ।

['ਜੀਵਨ ਕਥਾ ਗੁਰੂ ਅਮਰਦਾਸ ਜੀ' ਵਿਚੋਂ

---

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੁੜਤ ਸਰੂਪ

ਬੜੇ ਚਿਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਜੁੜਤ ਸਰੂਪ ਪ੍ਰਾਪਤ ਨਹੀਂ ਸੀ ਹੋ ਰਹੇ। ਸੰਗਤਾਂ ਦੀ ਪ੍ਰੇਰਨਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਹੁਣ ਜੁੜਤ ਸਰੂਪ ਛਪ ਚੁਕੇ ਹਨ। ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ-ਸਰੋਵਰ ਦੇ ਦਰਸ਼ਨ-ਇਸ਼ਨਾਨ ਕਰਨ ਆਈਆਂ ਜੁੜਤ ਸਰੂਪ ਸਹਿਜੇ ਹੀ ਕਮੇਟੀ ਪਾਸੋਂ ਪ੍ਰਾਪਤ ਕਰ ਸਕਦੇ ਅਤੇ ਅਦਬ ਸਤਿਕਾਰ ਸਹਿਤ ਲਿਜਾ ਸਕਦੇ ਹਨ।

---

# ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ (ਨਵੀਂ ਛਾਪ) | ੧੫-੦੦ | ਸਚਖੰਡ ਦਰਸ਼ਨ (ਨਵੀਂ ਛਾਪ) | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |

---

ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫੋਨ 0734-267900)

*Bhai Gurnam Singh, 10-Lambourn Gardens, Earley, Reading Berks. U.K.*

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਮਹਿੰਦਰ ਸਿੰਘ ਅਰਲਿੰਗਟਨ ਯ.ਕੇ. | ੨੪੬੬-੦੦ | ਸ: ਹਰਭਜਨ ਸਿੰਘ ਕੰਵਲਜੀਤ ਸਿੰਘ ਲੁਧਿਆਣਾ | ੨੧੦੦-੦੦ |
| ਸ: ਪ੍ਰਦੁੰਮਨ ਸਿੰਘ, ਜਲੰਧਰ (ਗੋਲਕ ਫੰਡ ਦੋ ਵਾਰ) | ੨੦੦-੦੦ | ਸ: ਨਾਨਕ ਸਿੰਘ ਪੂਨਾ | ੨੧੦-੦੦ |
| ਗੁਪਤ ਸੇਵਾ ਰਾਹੀਂ ਭਾਈ ਚਰਨਪਾਲ ਸਿੰਘ | ੩੦੦-੦੦ | ਗੁਪਤ ਸੇਵਾ ਰਾਹੀਂ ਭਾਈ ਹਰਮਿੰਦਰ ਸਿੰਘ | ੬੦੦-੦੦ |
| ਸ; ਦਰਸ਼ਨ ਸਿੰਘ ਮੂਲੀਆਂ ਵਾਲ | ੫੦-੦੦ | ਭਾਈ ਜਸਪਾਲ ਸਿੰਘ ਗੁਰਦੀਪ ਕੌਰ ਸਊਥਾਲ | ੧੦,੦੦੦-੦੦ |
| ਸ: ਜਗਦੀਸ਼ ਸਿੰਘ ਕਠਮੰਡੂ | ੧੧੦੦-੦੦ | ਸ: ਹਰਜੀਤ ਸਿੰਘ, ਕਰੋਲ ਬਾਗ, ਦਿਲੀ | ੨੦੦-੦੦ |
| ਗੁਪਤ ਸੇਵਾ | ੪੦੦੦-੦੦ | ਮਾਸਟਰ ਭੋਲਾ ਸਿੰਘ, ਸ੍ਰੀ ਗੰਗਾ ਨਗਰ | ੫੦-੦੦ |
| ਸ: ਜਸਵੰਤ ਸਿੰਘ ਭਾਟੀਆ ਸ੍ਰੀ ਗੰਗਾ ਨਗਰ | ੫੦-੦੦ | ਬੀਬੀ ਸਤਵੰਤ ਕੌਰ, ਲਖਨਊ | ੫੦੦-੦੦ |
| ਸ: ਹਰਭਜਨ ਸਿੰਘ ਦਿਲੀ | ੨੫੦-੦੦ | ਗੁਪਤ ਸੇਵਾ | ੪੦੦੫-੦੦ |
| ਗੁਰੂ ਕੀ ਗੋਲਕ | ੫੦੧-੦੦ | ਗੁਪਤ ਸੇਵਾ | ੫੦੦-੦੦ |
| ਸ: ਸੁਰਿੰਦਰ ਸਿੰਘ ਖਾਨਪੁਰ ਸਹੋਤਾ | ੧੫੦-੦੦ | ਸ: ਪ੍ਰਕਾਸ਼ ਸਿੰਘ; ਨਵੀਂ ਦਿਲੀ | ੫੦੦-੦੦ |
| ਸ; ਅਤਰ ਸਿੰਘ ਕਥੂਰੀਆ ਦਿਲੀ | ੫੦੧-੦੦ | ਗੁਪਤ ਸੇਵਾ ੧੦੦-੦੦ ਗੁਪਤ ਸੇਵਾ | ੧੦੧-੦੦ |
| ਸਾਧ ਸੰਗਤ ਪਟਨਾ ਸਾਹਿਬ | ੨੫੦-੦੦ | ਗੁਪਤ ਸੇਵਾ ਹੁਗਲੀ | ੧੫੦-੦੦ |
| ਕੁਲਬੀਰ ਸਿੰਘ ਅਜ਼ਾਦ ਸ੍ਰੀ ਨਗਰ | ੩੬੦-੦੦ | ਭਾਈ ਜੀਵਨ ਸਿੰਘ ਰਾਗੀ ਅਤੇ ਸੰਗਤ | ੧੦,੦੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਭਾਈ ਪ੍ਰੀਤਮ ਸਿੰਘ ਤਰਨ ਤਾਰਨ—ਬਿਰਧ ਸਰੀਰ, ਦਵਾਈ ਅਤੇ ਘਰੇਲੂ ਲੋੜਾਂ ਲਈ | ੨੦੦੦-੦੦ |
| ਬੀ: ਰਜਵੰਤ ਕੌਰ ਪੁਤਰੀ ਸ: ਧਰਮ ਸਿੰਘ ਕੁਹਾੜਕਾ—ਪਿਤਾ ਜੇਲ੍ਹ, ਗੁਜ਼ਾਰਾ ਮੁਸਕਲ | ੫੦੦੦-੦੦ |
| ਬੀ: ਰਾਜ ਕੌਰ ਪੁਤਰੀ ਸ: ਬੀਰਾ ਸਿੰਘ ਕੁਹਾੜਕਾ—ਪਿਤਾ ਜੇਲ੍ਹ, ਬੀਬੀ ਦੇ ਅਨੰਦ ਲਈ | ੫੦੦੦-੦੦ |
| ਬੀ: ਬਲਜਿੰਦਰ ਕੌਰ ਪਤਨੀ ਸ਼ਹੀਦ ਕੁਲਦੀਪ ਸਿੰਘ, ਮੱਤੇ ਦੀ ਸਰਾਂ—ਬੱਚੇ ਛੋਟੇ, ਗੁਜਾਰਾ ਮੁਸ਼ਕਲ | ੫੦੦੦-੦੦ |
| ਬੀ: ਨਰਿੰਦਰ ਕੌਰ ਪਤਨੀ ਭਾ: ਤਰਸੇਮ ਸਿੰਘ ਬਟਾਲਾ—ਪਤੀ ਤਸ਼ੱਦਦ ਕਾਰਨ ਨਕਾਰਾ, ਗੁਜ਼ਾਰਾ ਮੁਸ਼ਕਲ | ੮੦੦੦-੦੦ |
| ਬੀ: ਰਵਿੰਦਰ ਕੌਰ ਪੁਤਰੀ ਸ: ਗੁਰਦਿਆਲ ਸਿੰਘ, ਸੁਲਤਾਨਵਿੰਡ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀ: ਇੰਦਰਜੀਤ ਕੌਰ ਪਤਨੀ ਸ਼ਹੀਦ ਸਵਿੰਦਰਪਾਲ ਸਿੰਘ ਸ਼ਰੀਫ਼ਪੁਰਾ ਅੰਮ੍ਰਿਤਸਰ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਭਾ: ਕੁਲਦੀਪ ਸਿੰਘ—ਕਾਨਪੁਰ ਤੋਂ ਉਜੜੇ, ਪੁਤਰ ਦੇ ਇਲਾਜ ਲਈ | ੩੦੦੦-੦੦ |
| ਭਾ: ਦਰਸ਼ਨ ਸਿੰਘ, ਪਿੰਡ ਨਤਵਾਲ—ਭਾਈ ਜੇਲ੍ਹ, ਖੁਦ ਬੀਮਾਰ, ਕੇਸ ਦੀ ਪੈਰਵੀ, ਘਰੇਲੂ ਲੋੜਾਂ | ੮੦੦੦-੦੦ |
| ਬੀ: ਜਸਬੀਰ ਕੌਰ ਮਾਤਾ ਭਾ: ਸੁਖਬੀਰ ਸਿੰਘ ਖਜਾਲਾ—ਪੁਤਰ ਸ਼ਹੀਦ, ਕੋਈ ਕਮਾਊ ਨਹੀਂ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸੁਰਗਵਾਸੀ ਭਾ: ਭਜਨ ਸਿੰਘ ਮਦਰਾਸੀ ਪ੍ਰਵਾਰ (ਦੋ ਮਹੀਨੇ) | ੮੦੦-੦੦ |

**ਸੋਧ**—ਪਿਛਲਾ ਸੂਰਾ ਪੀੜਤ ਪਰਵਾਰ ਨੂੰ ਦਿਤੀ ਸਹਾਇਤਾ—ਪੜ੍ਹੋ ਬੀ: ਬਲਬੀਰ ਕੌਰ ਪਤਨੀ ਭਾ: ਬਲਵਿੰਦਰ ਸਿੰਘ ਨੂੰ ਸਤ ਹਜ਼ਾਰ ਦੀ ਥਾਂ ਦਸ ਹਜ਼ਾਰ।

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) 17-11-91 ਕੀਰਤਨ ਦਿਵਸ ਸੁਹੇਲਾ ਨਵੇਂ ਘਰ ਦੀ ਖੁਸ਼ੀ ਵਿਚ, ਡਾ: ਦੁਪਿੰਦਰ ਸਿੰਘ, 68-ਸੈਂਡਰਿੰਘਮ ਰੋਡ, ਲੇਟਨ ਯੂ.ਕੇ. ਫੋਨ 081-539-4824 ਅਤੇ 081-539-2381

(2) 22 ਤੋਂ 24 ਨਵੰਬਰ ਅਖੰਡਪਾਠ ਬੀਬੀ ਤਲਵਿੰਦਰ ਕੌਰ ਵਲੋਂ ਪਤੀ ਦੀ ਯਾਦ ਵਿਚ, 98 ਆਰਮੋਹਰੀ ਡਰਾਈਵ ਗਰੇਵਜ਼ੈਂਡ ਕੈਂਟ, ਫੋਨ 0474-32589, ਫੋਨ ਭਾਈ ਰਾਮ ਸਿੰਘ 0474-333660

(3) 30-11-91 ਰੈਣ ਸਬਾਈ ਕੀਰਤਨ ਗੁਰਦਵਾਰਾ ਨਾਨਕ ਪ੍ਰਕਾਸ਼ ਸਿਖ ਟੈਂਪਲ ਹਰਨਾਲ ਲੇਨ, ਕੋਵੈਂਟਰੀ ਯੂ.ਕੇ. ਗੁ: ਫੋਨ 0203-220960, ਭਾਈ ਮਹਿੰਦਰ ਸਿੰਘ ਅਟਵਾਲ 0203-665293

(4) 6 ਤੋਂ 8 ਦਸੰਬਰ ਅਖੰਡਪਾਠ ਤੇ ਕੀਰਤਨ, ਭਾਈ ਹਰਮੇਲ ਸਿੰਘ, 23-ਏਵਨ ਸਟਰੀਟ, ਵਾਰਵਿਕ ਸ਼ਾਇਅਰ ਯੂ.ਕੇ. ਜਾਣਕਾਰੀ ਲਈ ਭਾਈ ਰਘਬੀਰ ਸਿੰਘ ਲਮਿੰਗਟਨ ਸਪਾ ਫੋਨ 0926-885466

(5) 14-12-91 ਕੀਰਤਨ ਰੈਣ ਸਬਾਈ ਗੁਰਦਵਾਰਾ ਸਿਖ ਸੰਗਤ (ਸਿਖ ਟੈਂਪਲ)31-ਰੁਟਲੈਂਡ ਰੋਡ, ਮੇਡਨਹੈਡ, ਬਰਕਸ ਗੁਰਦਵਾਰਾ ਫੋਨ 0628-23507, ਭਾਈ ਇੰਦਰਪਾਲ ਸਿੰਘ ਗਰੇਵਾਲ 0628-28536

(6) 21-12-91 ਕੀਰਤਨ ਰੈਣ ਸਬਾਈ ਭਾਈ ਜਸਵੰਤ ਸਿੰਘ, 43-ਮਹਿਬੋਰਨ ਐਵੇਨੀਊ, ਸਲੋਅ ਯੂ.ਕੇ. ਫੋਨ 0753-572737, ਭਾਈ ਕੇਵਲ ਸਿੰਘ 0753-576246

www.AKJ.Org

## ਭਾਈ ਪਰਮਜੀਤ ਸਿੰਘ ਜੀ(ਹੁਸ਼ਿਆਰਪੁਰ)ਵਿਛੜ ਗਏ



ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਦੇ ਕਾਫ਼ੀ ਸਮੇਂ ਤੋਂ ਦਲੇ ਆ ਰਹੇ ਗੁਰਸਿਖ ਵੀਰ ਭਾਈ ਪਰਮਜੀਤ ਸਿੰਘ ਜੀ ਮੁਨਿਆਰ ਚੰਗੇ ਜੀਵਨ ਵਾਲੇ ਗੁਰਸਿਖ ਸਨ। ਵਾਹਿਗੁਰੂ ਦੇ ਪਿਆਰ ਵਾਲੇ ਆਪ ਗੁਰਸਿਖਾਂ ਦੇ ਸੇਵਾਦਾਰ ਸਨ। ਸੰਗਤ ਦੇ ਜੋੜੇ ਝਾੜਨ ਅਤੇ ਪਾਲਸ਼ ਕਰਨ ਆਦਿ ਦੀ ਸੇਵਾ ਬੜੇ ਪਿਆਰ ਨਾਲ਼ ਕਰਦੇ। ਸਹਿਜੇ ਕੀਤੇ ਗੁੱਸਾ ਨਾ ਕਰਨਾ ਉਨ੍ਹਾਂ ਦੇ ਸਾਂਤ ਸੁਭਾਅ ਦਾ ਸਬੂਤ ਸੀ। ਗੁਰ-ਅਸਥਾਨਾਂ ਦੀ ਯਾਤਰਾ ਸਮੇਂ ਸਾਥੀ ਗੁਰਸਿਖਾਂ ਦੀਆਂ ਮਾਲਸ਼ਾਂ ਕਰਨ ਅਤੇ ਲੱਤਾਂ ਤੇ ਚਰਨ ਘੁਟਣ ਦਾ ਅਨੰਦ ਮਾਣਦੇ। ਭਾਈ ਪਰਮਜੀਤ ਸਿੰਘ ਜੀ ਆਪਣੇ ਦੋ ਭਰਾਵਾਂ ਪਾਸ ਇੰਗਲੈਂਡ ਸਿੰਘਣੀ ਸਮੇਤ ਗਏ, ਉਥੇ ਹੀ ਕਾਰ-ਹਾਦਸੇ ਵਿਚ ੧੬-੯-੯੧ ਨੂੰ ਅਕਾਲ ਚਲਾਣਾ ਕਰ ਗਏ। ਵਿਛੜੀ ਰੂਹ ਨੂੰ ਸਤਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

# ਜਲੰਧਰ ਵਿਖੇ ਨਿਰੰਕਾਰੀ ਸਾਲਾਨਾ ਅਖੰਡ ਕੀਰਤਨ ਸਮਾਗਮ

## ੧੯ ਨਵੰਬਰ ਮੰਗਲਵਾਰ ਸਵੇਰ ਤੋਂ ੨੨ ਨਵੰਬਰ ੧੯੯੧ ਸ਼ੁਕਰਵਾਰ ਸਵੇਰ ਤਕ

| | |
|---|---|
| ੧੯ ਨਵੰਬਰ ਸਵੇਰੇ ੩ ਤੋਂ ੫ ਆਸਾ ਦੀ ਵਾਰ ਉਪ੍ਰੰਤ ਅਖੰਡਪਾਠ ਅਰੰਭ | ਲਾਇਲਪੁਰ ਖਾ: ਹਾ: ਸੈ: ਸਕੂਲ |
| ਸ਼ਾਮ ੬-੩੦ ਤੋਂ ੯ ਸੋਦਰ ਤੇ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ ਅਜੀਤ ਨਗਰ ਨੇੜੇ ਅੰਬੇਦਕਰ ਚੌਕ |
| ੨੦ ਨਵੰਬਰ ਸਵੇਰੇ ੬ ਤੋਂ ੧੧ ਅਖੰਡ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ ਅਵਤਾਰ ਨਗਰ ਨੇੜੇ ਟੀ. ਵੀ. ਸੈਂਟਰ |
| ਸਾਮ ੬-੩੦ ਤੋਂ ੯ ਸੋਦਰ ਤੇ ਕੀਰਤਨ | ਲਾਇਲਪੁਰ ਖਾ: ਹਾ: ਸਕੈਂਡਰੀ ਸਕੂਲ |

੨੧ ਨਵੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪ੍ਰੰਤ ਦੁਪਹਿਰ ਤਕ ਕੀਰਤਨ, ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਸਮਾਗਮ, ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ, ੨੨ ਨਵੰਬਰ ਸਵੇਰੇ ੭ ਵਜੇ ਸਮਾਪਤੀ ਲਾਇਲਪੁਰ ਖਾ: ਸਕੂਲ ਵਿਖੇ

ਨੋਟ:—ਰਿਹਾਇਸ਼ ਤੇ ਲੰਗਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ ਵਿਖੇ। ਬਿਸਤਰੇ ਲੋੜ ਅਨੁਸਾਰ ਲਿਆਓ ਜੀ।

## ਮੋਗਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗੱਦੀ ਦੇ ਸੰਬੰਧ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

੭ ਨਵੰਬਰ ਸਵੇਰੇ ੫ ਤੋਂ ੭ ਅਖੰਡ ਕੀਰਤਨ ਉਪ੍ਰੰਤ ਅਖੰਡਪਾਠ ਅਰੰਭ ਗੁ: ਬੀਬੀ ਕਾਹਨ ਕੌਰ, ਸ਼ਾਮ ਕੀਰਤਨ ਗੁਰਦਵਾਰਾ ਨਾਮਦੇਵ ਭਵਨ ਅਕਾਲਸਰ ਰੋਡ, ੮ ਨਵੰਬਰ ਸਵੇਰੇ ੬ ਤੋਂ ੯ ਅਖੰਡ ਕੀਰਤਨ ਗੁ: ਬਾਬਾ ਮੱਲ ਸਿੰਘ ਜੀ, ਸ਼ਾਮ ਕੀਰਤਨ ਗੁਰਦਵਾਰਾ ਕਰਤਾਰ ਭਵਨ ਸਿਵਲ ਲਾਈਨਜ਼, ੯ ਨਵੰਬਰ ਸਵੇਰੇ ੬ ਵਜੇ ਭੋਗ ਅਖੰਡਪਾਠ, ਉਪ੍ਰੰਤ ਦੁਪਹਿਰ ਤਕ ਕੀਰਤਨ, ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ ਅਤੇ ੮ ਵਜੇ ਅੰਮ੍ਰਿਤ ਸਿੰਚਾਰ ਅਰੰਭ ਗੁ: ਬੀਬੀ ਕਾਹਨ ਕੌਰ। ਰਿਹਾਇਸ਼ ਗੁਰਦਵਾਰਾ ਬੀਬੀ ਕਾਹਨ ਕੌਰ, ਨੇੜੇ ਰੇਲਵੇ ਫਾਟਕ, ਮੇਨ ਬਜ਼ਾਰ, ਮੋਗਾ ਵਿਖੇ।

## ਅੰਮ੍ਰਿਤਸਰ, ਕੋਟ ਖਾਲਸਾ, ਨੇੜੇ ਬੰਬੀ ਤਾਰਾ ਸਿੰਘ, ਗ੍ਰਹਿ ਭੁਪਿੰਦਰ ਸਿੰਘ, ੫ ਨਵੰਬਰ ਭੋਗ ਅਖੰਡਪਾਠ

## ਗੁਰਦਾਸਪੁਰ ਗੁ: ਸਿੰਘ ਸਭਾ ਜੇਲ੍ਹ ਰੋਡ, ੯ ਨਵੰਬਰ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ

ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ,੯ ਨਵੰਬਰ ਸ਼ਾਮ ਅਜੀਤ ਨਗਰ ਤੇ ਪੁਤਲੀ ਘਰ ਅੰਮ੍ਰਿਤਸਰ ਤੋਂ ਬਸ ਚਲੇਗੀ

## ਮਾਸਕ ਰੈਣ ਸਬਾਈ ਗੁ: ਸ੍ਰੀ ਕਲਗੀਧਰ ਸਾਹਿਬ ਰੇਲਵੇ ਰੋਡ, ਦੋਰਾਹਾ ੧੬ ਨਵੰਬਰ ਨੂੰ

## ਅਹਿਮਦਾਬਾਦ,ਸਰਦਾਰਸਿੰਘ ਪ੍ਰੀਤਮ ਸਿੰਘ,ਮਕਾਨ ਨੰ: ੭ ਭਾਰੂਆਤ ਨਗਰ,੩੧ ਨਵੰਬਰਰੈਣ ਸਬਾਈ

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org